ਹਾਸ-ਵਿਅੰਗ

ਚੀਪੜਾਂ ਦਾ ਲਾਣਾ

ਪ੍ਰੋ: ਐਚ ਐਸ ਡਿੰਪਲ

ਉਂਜ ਤਾਂ ਸਾਡੇ ਸਮਾਜ ਵਿਚ ਹਰ ਇਨਸਾਨ ਵੱਖਰੀ ਆਦਤ, ਸੁਭਾਅ ਅਤੇ ਫ਼ਿਤਰਤ ਦਾ ਮਾਲਕ ਹੁੰਦਾ ਹੈ, ਪਰ ਕਈ ਮਾਨਵੀ ਫਰਿਸ਼ਤੇ ਕੁਝ ਵੱਖਰੇ ਰੰਗ ਦੇ ਹੀ ਹੁੰਦੇ ਹਨ, ਅਤੇ ਸਮਾਜ ਵਿਚ ਉਨ੍ਹਾਂ ਦੇ ਵਿਚਰਣ ਦਾ ਢੰਗ ਆਮ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣਦਾ ਹੈ। ਵੱਖਰੇ ਹੋਣ ਕਰਕੇ ਅਜੀਬ-ਗਰੀਬ ਮੰਨੇ ਜਾਂਦੇ ਹਨ, ਅਤੇ ਇਨ੍ਹਾਂ ਦੀਆਂ ਗੱਲਾਂ-ਬਾਤਾਂ ਹੀ ਵੱਖਰੀਆਂ ਹੋਣ ਕਰਕੇ ਲੋਕ ਇਨ੍ਹਾਂ ਦੀ ਹਰ ਹਰਕਤ ਵੱਲ ਧਿਆਨ ਨਾ ਵੀ ਦੇਣ, ਤਾਂ ਵੀ ਨੋਟਿਸ ਵਿਚ ਆ ਹੀ ਜਾਂਦੀਆਂ ਹਨ। ਖੰਭ ਭਾਵੇਂ ਨਾ ਵੀ ਹੋਣ, ਡਾਰਾਂ ਬਣ ਹੀ ਜਾਂਦੀਆਂ ਹਨ। ਅਜਿਹੇ ਹੀ ਵਿਲੱਖਣ ਸੁਭਾਅ, ਕੰਜੂਸੀ ਅਤੇ ਕਮੀਨੇਪਨ ਕਰਕੇ ਮਸ਼ਹੂਰ (ਕਿ ਬਦਨਾਮ) ਹੈ ਸਾਡੇ ਪਿੰਡ ਦਾ - ਚੀਪੜਾਂ ਦਾ ਲਾਣਾ! ਇਨ੍ਹਾਂ ਦੇ ਬਜ਼ੁਰਗ ਗੁਰਬਖਸ਼ ਸਿੰਘ ਸੀ ਅਤੇ ਪੜਦਾਦਾ ਬਖਸ਼ੀਸ਼ ਸਿਓਂ, ਜਿਨ੍ਹਾਂ ਕਰਕੇ ਇਹ ਕੁਝ ਚਿਰ ਬਖ਼ਸ਼ੇ ਕੇ ਵੀ ਵੱਜਦੇ ਰਹੇ, ਪਰ ਹੁਣ ਤਾਂ "ਕੰਜੂਸਾਂ ਦੇ ਟੱਬਰ" ਜਾਂ "ਚੀਪੜਾਂ ਦੇ ਲਾਣੇ" ਵਜੋਂ ਹੀ ਮਸ਼ਹੂਰ/ਬਦਨਾਮ ਹਨ, ਕਿਉਂਕਿ ਇਹ ਰੱਜ ਕੇ ਚੀਪੜ ਹਨ, ਕੰਜੂਸੀ ਦਾ ਸਿਰਾ .. ..

ਕਹਿਣ ਨੂੰ ਇਹ ਪਰਿਵਾਰ ਸੁੱਸੋਫ਼ੀ ਹੈ, ਖਾਸ ਕਰਕੇ ਜਦੋਂ ਕਿਸੇ ਮਹਿਮਾਨ ਨੇ ਘਰ ਆਉਣਾ ਹੋਵੇ, ਪਰ ਜਦੋਂ ਕਿਸੇ ਵਿਆਹ ਸ਼ਾਦੀ ਤੇ ਜਾਂਦੇ ਹਨ, ਤਾਂ ਇਨ੍ਹਾਂ ਦੇ ਬੰਦੇ ਹੀ ਨਹੀਂ ਬੁੜ੍ਹੀਆਂ ਵੀ ਮੁਰਗੇ ਦੀਆਂ ਲੱਤਾਂ ਚੂਪਦੀਆਂ ਦਿਖਾਈ ਦਿੰਦੀਆਂ ਹਨ। ਪਿੰਡ ਵਿਚ ਰੱਜ ਕੇ ਸਾਊ ਮੰਨੇ ਜਾਣ ਵਾਲੇ ਇਸ ਪਰਿਵਾਰ ਦੇ ਮਰਦ ਵਿਆਹ ਤੇ ਸ਼ਰਾਬ ਰੱਜ ਕੇ ਪੀਣ ਬਾਅਦ ਬੱਕਰੇ ਬੁਲਾਉਂਦੇ ਅਕਸਰ ਵੇਖੇ ਜਾ ਸਕਦੇ ਹਨ। ਪਰ ਘਰ ਵਿਚ ਮਹਿਮਾਨ ਨੂੰ ਸਸਤੀ, ਇਲਾਇਚੀ ਰਹਿਤ ਚਾਹ ਪਿਆਈ ਜਾਂਦੀ ਹੈ, ਅਤੇ ਮਹਿਮਾਨ ਨੂੰ ਇਲਾਇਚੀ ਦੇ ਨੁਕਸਾਨ ਗਿਣਾ ਕੇ ਇਲਾਇਚੀ-ਰਹਿਤ ਚਾਹ ਦੇ ਮਨਘੜਤ ਲਾਭ ਦੱਸ ਕੇ ਰੱਜ ਕੇ ਬੋਰ ਕੀਤਾ ਜਾਂਦਾ ਹੈ, ਅਤੇ ਹੁਣ ਜਦੋਂ ਦੀ ਖੰਡ ਨੂੰ ਅੱਗ ਲੱਗੀ ਹੈ, ਇਨ੍ਹਾਂ ਦੀ ਚਾਹ ਇਲਾਇਚੀ-ਰਹਿਤ ਹੋਣ ਦੇ ਨਾਲ-2 ਖੰਡ-ਰਹਿਤ ਵੀ ਹੋ ਗਈ ਹੈ। ਇਹ ਤਾਂ ਉਦੋਂ ਜਦੋਂ ਇਨ੍ਹਾਂ ਦਾ ਪਿਓ ਘਰ ਹੋਵੇ, ਕਿਉਂਕਿ ਉਹ ਆਲੇ-ਦੁਆਲੇ, ਭੈਣ-ਭਾਈ, ਸਾਕ-ਸ਼ਰੀਕੇ ਦੀ ਪ੍ਰਵਾਹ ਕਰਦਾ ਹੈ। ਪਰ ਜਦੋਂ ਉਹ ਘਰ ਨਾ ਹੋਵੇ ਤਾਂ ਉਸ ਦੇ ਹੋਣਹਾਰ ਸਪੁੱਤਰ ਅਮਨਦੀਪ ਸਿੰਘ ਦੀ ਹੀ ਚਲਦੀ ਹੈ, ਜਿਸ ਦੀ ਘਰਵਾਲੀ ਉਸਦੀ ਦੀ ਵੀ ਮਾਂ ਹੈ, ਪੁਤਰ ਆਪਣੇ ਪਿਓ ਦਾ ਵੀ ਪਿਓ ਹੈ, ਕੰਜੂਸੀ ਦੇ ਮਾਮਲੇ ਵਿਚ। ਹੁਣ ਤਾਂ ਜਦੋਂ ਕੋਈ ਇਨ੍ਹਾਂ ਦੇ ਘਰ ਪੈਰ ਪਿੱਛੋਂ ਪਾਉਂਦਾ ਹੈ, ਸਮੇਂ ਅਤੇ ਮਹਿਮਾਨ ਦੇ ਰੁਤਬੇ ਅਨੁਸਾਰ ਰਣਨੀਤੀ ਪਹਿਲਾਂ ਘੜੀ ਜਾਂਦੀ ਹੈ।

ਇਕ ਵਾਰ ਅਮਨਦੀਪ ਦਾ ਫੁੱਫੜ ਇਹ ਕਹਿੰਦਾ ਸੁਣਿਆ ਗਿਆ, "ਕੰਜੂਸਾਂ ਦੇ ਗਿਆ ਸੀ, ਅੰਦਰ ਵੜਦਿਆਂ ਘੜੀ ਵੱਲ ਵੇਖਣ ਲੱਗ ਗਿਆ ਅਮਨਦੀਪ ਸਿਓਂ, ਅਖੇ ਆਖ਼ਰੀ ਬੱਸ ਦਾ ਟੈਮ ਤਾਂ ਹੋਣ ਈ ਵਾਲਾ, ਮੈਂ ਤਾਂ ਬੈਠਾ ਵੀ ਨਹੀਂ, ਉਨ੍ਹਾਂ ਪੈਰਾਂ ਨਾਲ ਹੀ ਵਾਪਸ ਆ ਗਿਆ। ਮੈਂ ਤਾਂ ਹਫ਼ਤੇ ਦਾ ਕੱਪੜਾ-ਲੱਤਾ ਬੰਨ੍ਹ ਕੇ ਲਿਆਇਆ ਸੀ। ਪਰ ਇਨ੍ਹਾਂ ਨੇ ਲੋਕਾਂ ਨੂੰ ਝੂਠਾ ਨੀ ਪੈਣ ਦਿੱਤਾ, ਮੈਂ ਸੋਚਿਆ ਮਜ਼ਾਕ ਚ ਚੀਪੜ-ਚੀਪੜ, ਕੰਜੂਸ-ਕੰਜੂਸ ਕਹੀ ਜਾਂਦੇ ਨੇ, ਪਰ ਇਹ ਤਾਂ ਸਿਰਾ ਈ ਆ ਪਰਿਵਾਰ।" ਵਿਚਾਰਾ ਸਮਾਨ ਢੋਂਹਦਾ ਕੱਲਾ ਈ ਬੋਲਦਾ ਤੁਰਿਆ ਜਾਂਦਾ ਸੀ।

ਅਮਨਦੀਪ ਦਾ ਮਾਮਾ ਬਿਸ਼ਨ ਸਿੰਘ ਨਾਲ ਵੀ ਘੱਟ ਨਹੀਂ ਹੋਈ, ਉਨ੍ਹੇਂ ਤਾਂ ਪਰ੍ਹੇ ਚ ਬੈਠੇ ਬਜ਼ੁਰਗਾਂ ਸਾਹਮਣੇ ਰੋਣਾ ਰੋਇਆ, "ਮੈਂ ਭੈਣ ਘਰ ਆਇਆ ਸੀ, ਪਰ ਭਾਣਜੇ ਨੇ ਬੂਹਾ ਵੀ ਨਾ ਵਰਗਾ ਈ ਖੋਲ੍ਹਿਆ। ਮੈਨੂੰ ਡਿਉਢੀ ਕੋਲ ਬੈਠਾ ਕੇ ਬੋਲਦਾ ਫਿਰੇ, ਅੱਗੇ ਮਹਿੰਗਾਈ ਨੇ ਅੱਤ ਚੁੱਕੀ ਏ, ਉਤੋਂ ਜੇਕਰ ਕੋਈ ਮਹਿਮਾਨ ਆ ਜਾਵੇ .. ..ਲੋਕਾਂ ਨੂੰ ਵੀ ਸੋਚ ਕੇ ਆਉਣਾ ਚਾਹੀਦਾ। ਮੈਂ ਮਹਿਮਾਨ ਹੋ ਗਿਆ, ਲੋਕ ਹੋ ਗਿਆ.. ..। ਨਾਲੇ ਬੋਲਣਾ ਬੋਲੀ ਜਾਵੇ, ਪਰ ਮੇਰੇ ਸਾਹਮਣੇ ਮੇਰੀ ਬੇਇੱਜ਼ਤੀ.. ਮੈਂ ਤਾਂ ਸੁੱਕੇ ਮੂੰਹ ਹੀ ਵਾਪਸ ਆ ਗਿਆ.. .. ਮਰਿਆਂ ਨੇ ਰੋਕਿਆ ਵੀ ਨਹੀਂ।" ਕੇਵਲ ਮਾਸਟਰ ਵਲੋਂ ਪੇਸ਼ ਕੀਤੀ ਚਾਹ ਪੀਂਦੇ ਮਾਮੇ ਨੇ ਮੁੱਛਾਂ ਪੂੰਝੀਆਂ, "ਮੈਂ ਕਿਹੜਾ ਭੈਣ ਘਰੋਂ ਕੁਝ ਮੰਗਣ ਆਇਆ ਸੀ। ਅਸੀਂ ਤਾਂ ਭੈਣਾਂ-ਧੀਆਂ ਦੇ ਦੇਣਦਾਰ ਹੀ ਹੁੰਨੇ ਆਂ.. .. ਪਰ ਲੋਕ ਠੀਕ ਈ ਕਹਿੰਦੇ ਨੇ .. ..ਚੀਪੜਾਂ ਘਰ ਭੈਣ ਵਿਆਹ ਤੀ। ਚੱਲ ਰੱਬ ਭਲੀ ਕਰੇ!

ਇਸ ਪਰਿਵਾਰ ਨੂੰ ਰੱਬ ਨੇ ਰੱਜ ਕੇ ਦਿੱਤਾ ਹੈ, ਪਰ ਖੁਦ ਇਹ ਰੱਜ ਕੇ ਰੋਟੀ ਵੀ ਨਹੀਂ ਖਾਂਦੇ। ਬਲਵਿੰਦਰ ਸਿੰਘ ਦੀ ਥਿਊਰੀ ਹੀ ਇਹ ਹੈ, "ਢਿੱਡ ਭਰਨ ਤੋਂ ਇਕ ਰੋਟੀ ਘੱਟ ਖਾਓ। ਰੋਟੀ ਜਿਹੜੀਆਂ ਤਿੰਨ-ਚਾਰ ਪਰਿਵਾਰ ਦੀਆਂ ਰੋਟੀਆਂ ਬਚੀਆਂ, ਉਹ ਸਵੇਰੇ ਨਾਸ਼ਤੇ ਵੇਲੇ ਕੰਮ ਆਉਣਗੀਆਂ।" ਇਸ ਪਰਿਵਾਰ ਨੇ ਆਪਣੇ ਜੀਵਨਕਾਲ ਵਿਚ ਕਈ ਰਿਕਾਰਡ ਤੋੜੇ ਹਨ; ਕਿਸੇ ਮੁੰਡੇ ਦੇ ਜਨਮ ਜਾਂ ਵਿਆਹ ਤੇ ਕੋਈ ਖੁਸਰਾ ਖੁਸ਼ ਨਹੀਂ ਕੀਤਾ, ਅਤੇ ਉਹ ਵੀ ਸਰਾਪਾਂ ਦੀ ਝੜੀ ਲਾ ਕੇ ਗਏ, ਰੱਬ-ਰੱਬ ਕਰੋ, ਸਰਾਪ ਕੋਈ ਅਜੇ ਤੱਕ ਲੱਗਾ ਨਹੀਂ, ਅਤੇ ਨਾ ਹੀ ਲੱਗੇ, ਅਸੀਂ ਤਾਂ ਇਹੀ ਦੁਆ ਕਰਦੇ ਹਾਂ, ਪਰ ਇਨ੍ਹਾਂ ਤਾਂ ਕਦੇ ਭਿਖਾਰੀ ਦੀ ਦੁਆ ਨਹੀਂ ਲਈ। ਕਦੇ ਪੰਜ ਪੈਸੇ ਭਿਖਾਰੀ ਨੂੰ ਦੇਣੇ ਤਾਂ ਕੀ ਦਿਖਾਏ ਹੀ ਨਹੀਂ।

ਰਿਟਾਇਰਡ ਫੌਜੀ ਅਜੀਤ ਸਿੰਘ, ਜਿਹੜਾ ਹੁਣ ਇਕ ਸਕੂਲ ਵਿਚ ਕਲੱਰਕੀ ਕਰਦਾ ਹੈ, ਦਸਦਾ ਹੁੰਦਾ ਹੈ, "ਕੇਰਾਂ ਇਹ ਸਾਡੇ ਨਾਲ ਜੈਪੁਰ ਟੂਰ ਤੇ ਗਿਆ, ਤੇ ਇਕ ਮੰਗਤੇ ਨੇ ਦਸ ਰੁਪਏ ਮੰਗੇ, ਕਹਿੰਦਾ, ਦਸ ਤਾਂ ਮੇਰੇ ਕੋਲ ਨੀਂ ਹੈਗੇ, ਉਹ ਕਹਿੰਦਾ, ਚੱਲ ਪੰਜ ਈ ਦੇਦੇ, ਕਹਿੰਦਾ, ਪੰਜ ਵੀ ਹੈਨੀ, ਕਹਿੰਦਾ, ਚੱਲ ਰੁਪਈਆ ਈ ਦੇਦੇ, ਇਹ ਰੁਪਈਏ ਤੋਂ ਵੀ ਮੁੱਕਰ ਗਿਆ ਤੇ ਫੇਰ ਉਸ ਮੰਗਤੇ ਦਾ ਹੀ ਦਿਲ ਪਸੀਜ ਗਿਆ.. ਚੱਲ ਬਹਿ ਜਾ ਮੇਰੇ ਨਾਲ ਈ ਤੂੰ ਵੀ। ਤੇ ਇਹ ਮਾਂ ਦਾ ਪੁੱਤ ਬੈਠਣ ਲੱਗਾ ਸੀ, ਮੈਂ ਰੋਕ ਲਿਆ।" ਫ਼ੌਜੀ ਨੇ ਇਕ ਹੋਰ ਗੱਲ ਦੱਸੀ, "ਜਦੋਂ ਇਹ ਮੋਗੇ ਨੌਕਰੀ ਕਰਦਾ ਹੁੰਦਾ ਸੀ, ਉਦੋਂ ਖੋਟੇ ਤੋਂ ਮੋਗੇ ਦੇ ਦਸ ਰੁਪਏ ਲੈਂਦੇ ਸਨ, ਪਰ ਜੇ ਪਹਿਲਾਂ ਬਾਘੇ ਵਾਲੇ ਜਾਣਾ ਤਾਂ ਚਾਰ ਤੇ ਅੱਗੇ ਦੇ ਪੰਜ ਲੈਂਦੇ। ਤੇ ਇਹ ਰੁਪਈਆ ਬਚਾਉਣ ਖ਼ਾਤਰ ਭਾਨ ਵਿਚ ਹੀ ਰੁਲਿਆ ਰਹਿੰਦਾ ਸੀ। ਕੰਡਕਟਰ ਹੱਸਦੇ ਇਹਦੀ ਕੰਜੂਸੀ ਵੇਖ ਕੇ।" ਰੁਪਈਆ ਤਾਂ ਵੈਸੇ ਵੱਡੀ ਚੀਜ਼ ਹੈ, ਬਲਵਿੰਦਰ ਤਾਂ ਗੈਸ ਦਾ ਸਿਲੰਡਰ ਲੈਣ ਜਾਊ, ਉਥੇ ਕੰਜੂਸੀ ਦੀਆਂ ਸਭ ਹੱਦਾਂ ਪਾਰ ਕਰਦਾ ਦਿਖਾਈ ਦਿੰਦਾ ਹੈ। ਸਿਲੰਡਰ ਦਾ ਮੁੱਲ 235 ਰੁਪਏ 95 ਪੈਸੇ ਸੀ, ਅਤੇ ਇਹ ਏਜੰਸੀ ਵਾਲੇ ਨਾਲ ਪੰਜੀ ਮੋੜਣ ਲਈ ਲੜੀ ਜਾਵੇ। ਹੁਣ ਇਹ 235 ਨਾਲ ਟੁੱਟੇ 95 ਪੈਸੇ ਲੈ ਕੇ ਜਾਂਦਾ ਹੈ। ਕਹੂਗਾ, ਬੂੰਦ-ਬੂੰਦ ਨਾਲ ਹੀ ਦਰਿਆ ਭਰਦਾ ਹੈ। ਇਨ੍ਹਾਂ ਦੇ ਘਰ ਹਫ਼ਤੇ ਬਾਅਦ ਅਖ਼ਬਾਰ ਆਉਂਦਾ ਹੈ, ਅਤੇ ਸਾਰਾ ਹਫ਼ਤਾ ਇਕੋ ਅਖ਼ਬਾਰ ਹੀ ਪੜ੍ਹਦੇ ਹਨ। ਬਲਵਿੰਦਰ ਸਿੰਘ ਦੀ ਨਿੱਜੀ ਸੋਚ ਹੈ, "ਰੋਜ਼ ਉਹੀ ਖ਼ਬਰਾਂ ਹੁੰਦੀਆਂ ਹਨ - ਹਾਦਸੇ, ਬਿਆਨ ਤੇ ਲੀਡਰਾਂ ਦਾ ਰੰਡੀ-ਰੋਣਾ।" ਉਸਦੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਸਖਤ ਹਦਾਇਤ ਹੈ, "ਬੇਲੋੜੀ ਚੀਜ਼ ਨਹੀਂ ਖਰੀਦਣੀ। ਮੁਫ਼ਤ ਵਿਚ ਮਿਲਦਾ ਕੁਝ ਛੱਡਣਾ ਨਹੀਂ।" ਜਦੋਂ ਗਰਮੀਆਂ ਚ ਨਿਰਜਲਾ ਇਕਾਦਸ਼ੀ ਵੇਲੇ ਛਬੀਲ ਲਾਉਣ ਲਈ ਮੁੰਡੇ ਯੋਗਦਾਨ ਮੰਗਣ ਆਉਂਦੇ ਨੇ ਤਾਂ ਇਹ ਅੱਜ ਤਾਂ ਜੇਬ ਚ ਹੈਨੀ ਕੁਝ ਕਹਿ ਕੇ ਪੱਲਾ ਝਾੜ ਦਿੰਦੇ ਹਨ, ਪਰ ਛਬੀਲ ਲੱਗਦੇ ਸਾਰ, ਸਾਰਾ ਟੱਬਰ ਬਾਲਟੀਆਂ ਵਿਚ ਮਿੱਠਾ ਪਾਣੀ ਢੋਂਹਦਾ ਦਿਖਾਈ ਦਿੰਦਾ ਹੈ। ਪਿੰਡ ਵਿਚ ਕਿਸੇ ਘਰ ਲੰਗਰ ਲੱਗੇ ਜਾਂ ਕਿਸੇ ਦਿਨ-ਤਿਓਹਾਰ ਤੇ ਜਦੋਂ ਸਮੂਹਿਕ ਮੁਫ਼ਤ ਰੋਟੀ ਜਾਂ ਕੜ੍ਹੀ-ਚਾਵਲ ਜਾਂ ਪੂੜੀਆਂ-ਛੋਲੇ ਵੰਡੇ ਜਾਣ, ਤਾਂ ਇਸ ਪਰਿਵਾਰ ਵਿਚ ਚਾਰ ਦਿਨ ਚੁੱਲ੍ਹਾਂ ਠੰਢਾ ਰਹਿਣ ਦੇ ਬਾਵਜੂਦ ਸਾਰਾ ਪਰਿਵਾਰ ਕਿਉਂ ਰੱਜ-ਰੱਜ ਖਾਣਾ ਖਾਂਦਾ ਹੈ, ਇਸ ਬੁਝਾਰਤ ਦੇ ਬੁੱਝਣ ਦਾ ਕੋਈ ਇਨਾਮ ਨਹੀਂ .. ..

ਇਸ ਪਰਿਵਾਰ ਦੇ ਮੈਂਬਰਾਂ ਨੂੰ ਆਪਣੇ-ਮੂੰਹ ਮੀਆਂ-ਮਿੱਠੂ ਬਣਨ ਦੀ ਆਦਤ ਹੈ। ਇਸ ਨੂੰ ਫ਼ੁਕਰੀਆਂ ਤਾਂ ਕਹਿ ਨਹੀਂ ਸਕਦੇ, ਕਿਉਂਕਿ ਇਨ੍ਹਾਂ ਗੱਲਾਂ ਵਿਚ ਸੱਚਾਈ ਦੀ ਬੋ ਆਉਂਦੀ ਹੈ। ਇਕ ਦਿਨ ਬਲਵਿੰਦਰ ਸਿਓਂ ਪਰ੍ਹੇ ਵਿਚ ਇਹ ਕਹਿੰਦਾ ਸੁਣਿਆ ਗਿਆ, "ਅੱਜ ਕੱਲ੍ਹ ਦੇ ਜੁਆਕ ਤਾਂ ਬੱਸ ਸ਼ਾਹਖ਼ਰਚ ਨੇ। ਮੇਰੀ ਨੂੰਹ ਤਾਂ ਹਰ ਦੋ ਸਾਲ ਬਾਅਦ ਬੁਰਸ਼ ਬਦਲ ਲੈਂਦੀ ਹੈ। (ਹਾਂ ਜੀ, ਦੋ ਸਾਲ!!!) ਮੇਰੇ ਵੱਲ ਵੇਖੋ, ਮੈਂ ਸਾਰੀ ਜਿੰਦਗੀ ਵਿਚ ਸਿਰਫ਼ ਛੇ ਵਾਰੀ ਬੁਰਸ਼ ਬਦਲਿਆ ਹੋਊ ਮਸਾਂ। ਇਕ-ਇਕ ਬੁਰਸ਼ ਨਾਲ ਦਸ-ਦਸ ਸਾਲ ਕੱਢੇ ਨੇ, ਬਾਹਠ ਸਾਲ ਦੀ ਉਮਰ ਆ ਮੇਰੀ ਤੇ ਦੋ ਸਾਲ ਬਚਪਨ ਦੇ ਤਾਂ ਆਪਾਂ ਸੁੱਕੇ ਈ ਕੱਢੇ।"

ਇਥੇ ਰੁਕ ਜਾਵੇ ਤਾਂ ਚੰਗਾ, ਪਰ ਉਹ ਤਾਂ ਬੱਸ ਫਿਰ ਮਧਾਣੀ ਵਿਚ ਗੱਲਾਂ ਦੀ ਲੱਸੀ ਪਾ ਕੇ ਖੂਬ ਰਿੜਕਦਾ ਹੈ,

"ਅੱਜ ਆਹ ਆਪਣਾ ਅਮਨ ਬਜ਼ਾਰ ਬੁਨੈਨ-ਜੁਰਾਬਾਂ ਲੈਣ ਗਿਆ ਹੈ। ਭਲਾ ਅੰਦਰਲੇ ਕੱਪੜੇ ਬਦਲਣ ਦੀ ਕੀ ਲੋੜ? ਮੈਂ ਤਾਂ ਆਹ ਬੁਨੈਣ ਕਦੇ ਬਦਲੀ ਨਹੀਂ, ਨਾ ਕਦੀ ਧੋਤੀ ਹੈ। ਉਤੋਂ ਕੱਪੜੇ ਤਾਂ ਪਾ ਹੀ ਲੈਣੇ ਨੇ, ਧੋਣ ਦਾ ਕੀ ਮਤਲਬ? ਅੰਦਰ ਵੱਧ ਤੋਂ ਵੱਧ ਤੁਹਾਨੂੰ ਖੁਦ ਬਦਬੋ ਆਊ, ਕੱਪੜੇ ਬਦਲਣ ਵੇਲੇ, ਉਹ ਨੱਕ ਬੰਦ ਕਰ ਲਵੋ, ਉਸ ਵੇਲੇ। ਮੈਂ ਤਾਂ ਕਦੀ ਜੁਰਾਬਾਂ ਨੀ ਬਦਲੀਆਂ, ਨਾ ਕਦੀ ਧੋਤੀਆਂ ਹਨ। ਜਦੋਂ ਐਨ ਚੂਰਾ ਹੋ ਜਾਣ, ਤਿੰਨ ਕੁ ਸਾਲ ਬਾਅਦ ਬਦਲ ਲਈਦੀ ਆ ਬੁਨੈਨ, ਜੁਰਾਬਾਂ ਵਗੈਰਾ। ਇਕ ਵਾਰ ਮੈਂ ਕਿਸੇ ਦੀ ਮਰਗ ਤੇ ਗਿਆ, ਮੁਰਦਾ ਲਿਟਾਇਆ ਹੋਇਆ ਸੀ। ਮੈਂ ਬੂਟ ਲਾਹੇ ਤਾਂ ਬਦਬੋ ਨੇ ਚਾਰੇ ਪਾਸੇ ਬੱਲੇ-ਬੱਲੇ ਕਰ ਦਿੱਤੀ, ਸਾਰੇ ਮੇਰੇ ਵੱਲ ਝਾਕਣ ਲੱਗੇ ਤੇ ਮੂੰਹ ਢਕ ਲਏ। ਤੁਸੀਂ ਮੰਨੋਗੇ, ਮੁਰਦੇ ਨੇ ਵੀ ਨੱਕ ਤੇ ਹੱਥ ਰੱਖ ਲਿਆੜ ਬੱਸ ਫਿਰ ਕੀ ਸੀ, ਚਾਰੇ ਪਾਸੇ ਮੁਰਦਾ ਜਾਗ ਪਿਆ - ਮੁਰਦਾ ਜਾਗ ਪਿਆ ਹੋ ਗਈ। ਚਲੋ, ਦੋ ਪਲ ਲਈ ਹੀ ਸਹੀ, ਮੁਰਦਾ ਤਾਂ ਜਾਗਿਆ, ਤੇ ਮੇਰੀ ਬੱਲੇ-ਬੱਲੇ ਵੀ। ਮੈਨੂੰ ਸਮਝ ਨੀ ਆਉਂਦੀ ਮੇਰੇ ਕਈ ਨਜ਼ਦੀਕੀ ਆਖਦੇ ਨੇ ਬਈ ਸਾਡੀ ਬੇਇੱਜ਼ਤੀ ਕਰਾ ਤੀ, ਇਹਦੇ ਚ ਭਲਾ ਬੇਇੱਜ਼ਤੀ ਕਾਹਦੀੜ" ਇੰਞ, ਕਦੀ-ਕਦੀ ਬਲਵਿੰਦਰ ਆਪਣੀ ਕੰਜੂਸੀ ਦੀ ਹੱਦ ਪਾਰ ਕਰਕੇ ਮੂਰਖਤਾ ਨੂੰ ਗਲ ਨਾਲ ਲਗਾ ਲੈਂਦਾ ਹੈ। ਡਰਪੋਕ ਐਨਾ ਬਈ ਜੇ ਕਦੀ ਸੜਕ ਵੀ ਪਾਰ ਕਰਨੀ ਹੁੰਦੀ ਆ, ਤਾਂ ਭਾਵੇਂ ਵਨ-ਵੇ (one-way road) ਸੜਕ ਹੋਵੇ, ਦੋਵੇਂ ਪਾਸੇ ਚਾਰ ਵਾਰ ਝਾਕਦਾ ਹੈ। ਭਲਾ ਪੁੱਛਣ ਵਾਲਾ ਹੋਵੇ, ਬਈ ਵਨ-ਵੇ ਸੜਕ ਤੇ ਤਾਂ ਗੱਡੀਆਂ ਹੀ ਇਕ-ਇਕ ਪਾਸੇ ਚਲਦੀਆਂ ਹਨ। ਪਰ ਕੌਣ ਆਖੇ "ਬਲਵਿੰਦਰਾ ਅੱਗਾ ਢਕ!" ਚੀਪੜਾਂ ਦੇ ਘਰ ਜਾਓ, ਕੰਜੂਸੀ ਦਾ ਰੱਜ ਕੇ ਗੁਣਗਾਨ ਕੀਤਾ ਜਾਂਦਾ ਹੈ।

ਇਕ ਵਾਰੀ ਦੋ-ਤਿੰਨ ਜ਼ੀਨਾਂ ਵਾਲੀਆਂ, ਸ਼ੌਕੀਨ ਕੁੜੀਆਂ ਇਨ੍ਹਾਂ ਦੇ ਘਰ ਦਿਸੀਆਂ। ਸਾਰੇ ਪਿੰਡ ਵਿਚ ਗੱਲ ਉੱਡ ਗਈ ਬਈ ਚੀਪੜਾਂ ਦਾ ਮੁੰਡਾ ਬੈਂਕ ਮੈਨੇਜਰੀ ਛੱਡ ਕੇ ਫ਼ਿਲਮੀ ਹੀਰੋ ਬਣਨ ਲੱਗਾ ਹੈ, ਤੇ ਪਿਓ ਸਹਾਇਕ ਅਦਾਕਾਰ! ਇਨ੍ਹਾਂ ਦੇ ਘਰ ਸ਼ੂਟਿੰਗ ਹੋ ਰਹੀ ਹੈ, ਕਿਸੇ ਫ਼ਿਲਮ ਦੀ। ਉਹ ਤਾਂ ਤੀਜੇ ਦਿਨ ਪਤਾ ਲੱਗਾ ਬਈ ਉਹ ਤਾਂ ਦੁਨੀਆਂ ਦੇ ਕੰਜੂਸ ਪਰਿਵਾਰਾਂ ਦੀ ਜੀਵਨ ਸ਼ੈਲੀ ਤੇ ਕੋਈ ਦਸਤਾਵੇਜ਼ੀ ਫ਼ਿਲਮ ਬਣ ਰਹੀ ਸੀ, ਜਦੋਂ ਇਕ ਟੀ.ਵੀ. ਚੈਨਲ ਤੇ ਇਨ੍ਹਾਂ ਬਾਰੇ ਖ਼ਬਰ ਆਈ, "ਆਓ ਮਿਲੋ, ਪੰਜਾਬ ਦੇ ਸਭ ਤੋਂ ਕੰਜੂਸ ਪਰਿਵਾਰ ਨੂੰ, ਜਿਨ੍ਹਾਂ ਨੂੰ ਮੱਖੀ ਚੂਸ ਕਹਿਣਾ, ਮੱਖੀ ਦਾ ਨਿਰਾਦਰ ਹੋਵੇਗਾ।"

ਭਲੇ ਵੇਲਿਆਂ ਦੀ ਗੱਲ ਹੈ, ਉਦੋਂ ਮੂੰਗੀ 30 ਰੁਪਏ ਕਿਲੋ ਸੀ। ਇਨ੍ਹਾਂ ਨੇ ਅਮਨੇ ਦਾ ਵਿਆਹ ਰੱਖਿਆ ਹੋਇਆ ਸੀ। ਬਲਵਿੰਦਰ ਨੂੰ ਜਦੋਂ ਰੋਟੀ ਤਿਆਰ ਕਰਨ ਵਾਲਿਆਂ ਨੇ ਦਾਲ ਮੰਗਾਉਣ ਲਈ ਕਿਹਾ ਤਾਂ ਉਹ ਅਮਨੇ ਨੂੰ ਵੀਹਾਂ ਦਾ ਨੋਟ ਫੜਾਉਂਦਾ ਬੋਲਿਆ, "ਜਾਹ ਅੱਧਾ ਕਿਲੋ ਮੂੰਗੀ ਫੜ ਲਿਆ, ਤੇ ਬਾਕੀ ਪੰਜ ਰੁਪਏ ਮੋੜ ਲਿਆਈਂ, ਐਵੇਂ ਖੰਡ-ਮਿਸ਼ਰੀ ਤੇ ਖਰਾਬ ਨਾ ਕਰੇ ਆਈਂ।" ਕੋਲ ਬੈਠੇ ਲਖਵੀਰ ਤੋਂ ਰਿਹਾ ਨਾ ਗਿਆ, "ਤੇ ਅਮਨਾ ਗੱਡਾ ਲੈ ਜੀਂ, ਅੱਧਾ ਕਿਲੋ ਕੱਲਾ ਕਿਵੇਂ ਚੁੱਕ ਕੇ ਲਿਆਏਂਗਾ", ਤੇ ਮਾਂ ਦਾ ਲਾਲ ਤੁਰ ਗਿਆ ਗੱਡਾ ਲੈਣ ਵੀ.. । ਇਹ ਗੱਲ ਪਿੰਡ ਵਿਚ ਖੂਬ ਮਸ਼ਹੂਰ ਹੈ ਇਸ ਪਰਿਵਾਰ ਬਾਰੇ, ਪਰ ਮੈਨੂੰ ਲਗਦਾ ਕਿ ਅੱਧਾ ਕਿਲੋ ਵਾਲੀ ਗੱਲ ਤਾਂ ਸਹੀ ਹੈ, ਪਰ ਗੱਡਾ ਲੈਣ ਵੀ ਤੁਰ ਜਾਣ ਵਾਲੀ ਗੱਲ ਯਕੀਨੋਂ ਬਾਹਰ ਹੈ, ਕਿਉਂਕਿ ਉਹ ਐਨਾ ਮੂਰਖ ਨਹੀਂ। ਉਂਜ, ਅੱਗ ਬਿਨਾਂ ਧੂੰਆਂ ਵੀ ਨਹੀਂ ਉੱਠਦਾ ਹੁੰਦਾ।

ਚਲੋ ਛੱਡੋ! ਆਪਾਂ ਨੂੰ ਕੀ!! ਆਪਾਂ ਪੜ੍ਹ ਲਿਆ, ਹੱਸ ਲਏ, ਤੇ ਜੇ ਤੁਹਾਡੇ ਕੋਲ ਇਹੋ ਜਿਹੇ ਕਿਸੇ ਪਰਿਵਾਰ ਬਾਰੇ ਜਾਣਕਾਰੀ ਹੈ, ਤਾਂ ਦੱਸ ਦੇਣਾਂ ਫ਼ੋਨ ਕਰਕੇ ਸਾਨੂੰ, ਉਨ੍ਹਾਂ ਘਰੇ ਵੀ ਜ਼ੀਨ ਵਾਲੀਆਂ ਕੁੜੀਆਂ ਭੇਜ ਦਾਂ ਗੇ .. ਫ਼ਿਲਮ ਬਣਾਉਣ ਲਈ। ਤੇ ਆਪਾਂ ਵੀ ਅਗਲੀ ਵਾਰ ਉਨ੍ਹਾਂ ਦੀ ਇੰਟਰਵਿਊ ਛਾਪ

ਬਾਲ-ਸਾਹਿਤਕਾਰ -ਸੁਖਦੇਵ ਸਿੰਘ ਸ਼ਾਂਤ

ਬਲਜਿੰਦਰ ਸਿੰਘ ਮਾਨ

ਸੁਖਦੇਵ ਸਿੰਘ ਸ਼ਾਂਤ ਜਾਣੇ-ਪਹਿਚਾਣੇ ਬਾਲ-ਸਾਹਿਤ ਲੇਖਕਾਂ ਵਿੱਚੋਂ ਇੱਕ ਹੈ। ਪੰਖੜੀਆਂ, ਪ੍ਰਾਇਮਰੀ ਸਿੱਖਿਆ, ਬਾਲ-ਸੰਦੇਸ਼, ਹੱਸਤੀ ਦੁਨੀਆਂ, ਨਿੱਕੀਆਂ ਕਰੂੰਬਲਾਂ, ਪੰਖੇਰੂ ਆਦਿ ਬਾਲ ਰਸਾਲਿਆਂ ਵਿੱਚ ਉਸ ਦੀਆਂ ਰਚਨਾਵਾਂ ਨੇ ਮਾਣ-ਯੋਗ ਸਥਾਨ ਹਾਸਿਲ ਕੀਤਾ ਹੈ ਅਤੇ ਅਖ਼ਬਾਰਾਂ ਵਿੱਚ ਵੀ ਉਸ ਦੀਆਂ ਬਾਲ-ਕਵਿਤਾਵਾਂ ਅਤੇ ਬਾਲ-ਕਹਾਣੀਆਂ ਛਪ ਚੁੱਕੀਆਂ ਹਨ। ਸੰਸਾਰ ਭਰ ਦੇ ਮਹਾਂ-ਪੁਰਖਾਂ ਦੇ ਜੀਵਨ ਵਿੱਚੋਂ ਖ਼ਾਸ ਘਟਨਾਵਾਂ ਨਾਲ ਸੰਬੰਧਿਤ ਉਸ ਵੱਲੋਂ ਲਿਖੀਆਂ ਅਮਰ ਕਥਾਵਾਂ ਲੜੀ ਵਾਰ ਕਾਲਮ ਦੇ ਤੌਰ 'ਤੇ ਰੋਜ਼ਾਨਾ ਅਜੀਤ ਦੇ ਅਜੀਤ ਬਾਲ-ਸੰਸਾਰ ਵਿੱਚ ਛਪੀਆਂ ਹਨ।

ਸੁਖਦੇਵ ਸਿੰਘ ਸ਼ਾਤ

ਬਾਲ-ਸਾਹਿਤ ਦੇ ਖੇਤਰ ਵਿੱਚ ਸੁਖਦੇਵ ਸਿੰਘ ਸ਼ਾਂਤ ਨੇ 1998 ਵਿੱਚ ਬਾਲ-ਗੀਤਾਂ ਅਤੇ ਬਾਲ ਕਵਿਤਾਵਾਂ ਦੀ ਇੱਕ ਕਿਤਾਬ 'ਗਾਓ ਬੱਚਿਓ ਗਾਓ' ਛਪਵਾਈ। ਬਹੁਤ ਹੀ ਸੁੰਦਰ ਕਾਗਜ਼ ਤੇ ਸੋਹਣੀ ਛਪਵਾਈ ਵਿੱਚ ਛਪੀ, ਇਸ ਪੁਸਤਕ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ੍ਰੀ ਗੁਰੂ ਹਰਿ-ਕ੍ਰਿਸ਼ਨ ਪੁਰਸਕਾਰ (ਸਾਲ 1998) ਪੰਜਾਬੀ ਬਾਲ ਸਾਹਿਤ ਸਰਵੋਤਮ-ਪੁਸਤਕ ਵਜੋਂ ਦਿੱਤਾ ਗਿਆ। ਇਸ ਇਨਾਮ ਦਾ ਮਿਲਣਾ ਉਸ ਦੀਆਂ ਰਚਨਾਵਾਂ ਦੇ ਪਿਆਰ ਦਾ ਹੀ ਨਤੀਜਾ ਸੀ ਕਿਉਂਕਿ ਬਾਲ-ਸਾਹਿਤ ਦੀ ਇਸ ਪੁਸਤਕ ਦੀ ਕਾਫ਼ੀ ਸ਼ਲਾਘਾ ਕੀਤੀ। ਇਸ ਪੁਸਤਕ ਵਿਚਲੀਆਂ ਕੁਝ ਰਚਨਾਵਾਂ ਪਾਠ-ਪੁਸਤਕਾਂ ਵਿੱਚ ਸ਼ਾਮਿਲ ਹੋਣ ਦੀ ਯੋਗਤਾ ਰੱਖਦੀਆਂ ਹਨ। ਉਸ ਦੀਆਂ ਕੁਝ ਕਵਿਤਾਵਾਂ ਨੂੰ ਬੱਚਿਆਂ ਨੇ ਸੁਣਾ ਕੇ ਆਪੋ-ਆਪਣੇ ਸਕੂਲਾਂ ਵਿੱਚ ਹੋਏ ਮੁਕਾਬਲਿਆਂ ਦੌਰਾਨ ਪਹਿਲੇ ਜਾਂ ਦੂਜੇ ਇਨਾਮ ਹਾਸਿਲ ਕੀਤੇ। ਉਸ ਦੀਆਂ ਬਾਲ-ਰਚਨਾਵਾਂ ਵਿੱਚ ਰਵਾਨਗੀ ਰੌਚਿਕਤਾ ਅਤੇ ਸਿੱਖਿਆ ਤਿੰਨਾਂ ਗੁਣਾਂ ਦਾ ਸੁਮੇਲ ਦੇਖਣ ਨੂੰ ਮਿਲਦਾ ਹੈ। ਉਸ ਦੇ ਲਿਖੇ ਬਾਲ ਗੀਤਾਂ ਨੂੰ ਬੱਚੇ ਬੜੀ ਆਸਾਨੀ ਨਾਲ ਯਾਦ ਕਰ ਲੈਂਦੇ ਹਨ।

ਸੁਖਦੇਵ ਸਿੰਘ-ਸ਼ਾਂਤ ਆਖਦਾ ਹੈ "ਮੈਂ ਕੋਈ ਵੀ ਬਾਲ ਕਵਿਤਾ ਜਾਂ ਬਾਲ ਕਹਾਣੀ ਲਿਖ ਕੇ ਬੱਚਿਆਂ ਨੂੰ ਪੜ੍ਹਨ ਲਈ ਦਿੰਦਾ ਹਾਂ ਅਤੇ ਫਿਰ ਉਨ੍ਹਾਂ ਦੇ ਚਿਹਰਿਆਂ ਦੇ ਹਾਵ-ਭਾਵ ਦੇਖਦਾ ਹੈ। ਉਨ੍ਹਾਂ ਦੇ ਚਿਹਰੇ ਅਤੇ ਉਹਨਾਂ ਦੇ ਨਿੱਕੇ-ਨਿੱਕੇ ਬੋਲ ਦੱਸ ਦਿੰਦੇ ਹਨ ਕਿ ਰਚਨਾ ਬਾਲਾਂ ਲਈ ਯੋਗ ਹੈ ਕਿ ਨਹੀਂ! ਬਾਲ ਰਚਨਾਵਾਂ ਅਸਲ ਅਲੋਚਕ ਬਾਲ ਪਾਠਕ ਹਨ ਅਤੇ ਜੇ ਕੋਈ ਬਾਲ-ਰਚਨਾ ਬਾਲਾਂ ਦੇ ਮਨਾ ਵਿੱਚ ਲਹਿ ਜਾਵੇ, ਉਨ੍ਹਾਂ ਨੂੰ ਰੌਚਿਕਤਾ ਦੇ ਨਾਲ-ਨਾਲ ਕੋਈ- ਕੋਈ ਚੰਗੀ ਸਿੱਖਿਆ ਦੇ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਉਹ ਬਾਲ-ਰਚਨਾ ਦੀ ਹੀ ਅਸਲ ਵਿੱਚ ਬਾਲ-ਸਾਹਿਤ ਦੀ ਸਹੀ ਵੰਨਗੀ ਕਹਾ ਸਕਦੀ ਹੈ।"

23 ਸਤੰਬਰ 1952 ਨੂੰ ਜਨਮੇ ਅਤੇ ਪੰਜਾਬ ਸਰਕਾਰ ਦੇ ਸਹਿਕਾਰਤਾ ਵਿਭਾਗ ਵਿੱਚ ਕੰਮ ਕਰ ਰਹੇ ਸੁਖਦੇਵ ਸਿੰਘ -ਸ਼ਾਂਤ ਨੇ ਮਿੰਨੀ ਕਹਾਣੀ, ਕਹਾਣੀ ਲੇਖ ਅਤੇ ਕਵਿਤਾ 'ਤੇ ਵੀ ਖ਼ੂਬ ਹੱਥ ਅਜ਼ਮਾਇਆ ਹੈ। ਉਸ ਵੱਲੋਂ ਸਿੰਮਲ ਰੁੱਖ (ਮਿੰਨੀ ਕਹਾਣੀ ਸੰਗ੍ਰਹਿ) ਅਤੇ ਚੂੜੀਆਂ (ਕਹਾਣੀ ਸੰਗ੍ਰਹਿ) ਛਪਵਾਏ ਜਾ ਚੁੱਕੇ ਹਨ। ਡਾ. ਗੰਡਾ ਸਿੰਘ ਮੈਮੋਰੀਅਲ ਟਰੱਸਟ ਅਤੇ ਗੁਰੂ ਗੋਬਿੰਦ ਸਿੰਘ -ਸਟੱਡੀ ਸਰਕਲ ਵਜੋਂ ਕਰਵਾਏ ਗਏ ਧਾਰਮਿਕ ਲੇਖ-ਮੁਕਾਬਲਿਆਂ ਵਿੱਚ ਉਸ ਨੇ ਕਈ ਇਨਾਮ ਹਾਸਿਲ ਕੀਤੇ। ਛੇਤੀ ਹੀ ਉਸ ਵੱਲੋਂ ਬਾਲ- ਕਹਾਣੀਆਂ ਦੀ ਪੁਸਤਕ ਛਪਵਾਉਣ ਦੀ ਯੋਜਨਾ ਹੈ। ਅੰਤ ਵਿੱਚ ਮੈਂ ਉਸ ਦੀ ਇੱਕ ਸ਼ਾਨਦਾਰ ਬਾਲ- ਕਵਿਤਾ ਇੱਥੇ ਪੇਸ਼ ਕਰਨੀ ਚਾਹਾਂਗਾ।

ਕਾਸ਼! ਕਦੇ ਮੈਂ ਪੰਛੀ ਹੁੰਦਾ ਉੱਡ ਅਸਮਾਨੀ ਜਾਂਦਾ।
ਬਿਨਾਂ ਟਿਕਟ ਤੋਂ ਦੁਨੀਆਂ ਭਰਦੀ ਰੱਜ ਉਡਾਰੀ ਲਾਂਦਾ।
ਕਾਸ਼! ਕਦੇ ਮੈਂ ਪੰਛੀ ਹੁੰਦਾ ਰੁੱਖਾਂ ਉੱਤੇ ਬਹਿੰਦਾ।
ਕੁਦਰਤ ਦੇ ਨਜ਼ਾਰੇ ਤੱਕ ਕੇ ਤੂੰ ਹੀ ਤੂੰ ਹੀ ਕਹਿੰਦਾ।
ਕਾਸ਼! ਕਦੇ ਮੈਂ ਪੰਛੀ ਹੁੰਦਾ ਗੀਤ ਖ਼ੁਸ਼ੀ ਦੇ ਗਾਂਦਾ।

ਤੰਗੀਆਂ -ਤੁਰਸ਼ੀਆਂ

ਸਫ਼ਾ I ਦੀ ਬਾਕੀ

ਬੰਦਿਆਂ ਨੂੰ ਈਦ ਦੀ ਖ਼ੁਸ਼ੀ ਵਿੱਚ ਮਿਲ ਜਾਂਦਾ ਸੀ। ਮਾੜੇ ਕਰਮਾਂ ਨੂੰ 1977-78 ਵਿੱਚ ਮੁਲਾਣਿਆਂ ਨੇ ਰਾਜੇ ਦਾ ਤਖ਼ਤਾ ਬਦਲ ਦਿੱਤਾ। ਰਾਜੇ ਨੇ ਅਮਰੀਕਾ ਭੱਜ ਕੇ ਜਾਨ ਬਚਾਈ ਅਤੇ ਮੌਲਵੀਆਂ ਨੇ ਈਰਾਨ 'ਤੇ ਕਬਜ਼ਾ ਕਰ ਲਿਆ, ਜੋ ਅੱਜ ਤੱਕ ਚੱਲ ਰਿਹਾ ਹੈ। ਕੱਟੜਤਾ ਕਿਸੇ ਵੀ ਕੌਮ ਵਿੱਚ ਆ ਜਾਵੇ, ਉਸ ਧਰਮ ਤੇ ਕੌਮ ਦਾ ਬਹੁਤ ਮਾੜਾ ਹਾਲ ਹੁੰਦਾ ਹੈ। ਜਦੋਂ ਈਰਾਨ ਵਿੱਚ ਖਮਿਆਨੀ ਦਾ ਰਾਜ ਹੋ ਗਿਆ। ਤਕਰੀਬਨ ਵੀਹ-ਪੰਜੀ ਹਜ਼ਾਰ ਪੰਜਾਬੀ ਮੁੰਡਿਆਂ ਦਾ ਭਵਿੱਖ ਖ਼ਤਰੇ ਵਿੱਚ ਪੈ ਗਿਆ। ਖਮਿਆਨੀ ਰਾਸ਼ਟਰਪਤੀ ਬਣ ਗਿਆ। ਕਾਨੂੰਨ ਸਖ਼ਤ ਕਰ ਦਿੱਤੇ। ਕੁੜੀਆਂ ਨੂੰ ਬੁਰਕੇ ਪਾਉਣੇ ਲਾਜ਼ਮੀ ਕਰ ਦਿੱਤੇ। ਸਾਰੀ ਅਜ਼ਾਦੀ ਗੁਲਾਮੀ ਵਿੱਚ ਬਦਲ ਗਈ। ਫੈਕਟਰੀਆਂ ਬੰਦ ਹੋ ਗਈਆਂ। ਫਿਰ ਈਰਾਨ ਦਾ ਇਹ ਹਾਲ ਹੋਇਆ, ਇੱਕ ਡਾਲਰ ਵਿੱਚ ਸੌ ਤੁੰਮਨ ਮਿਲਣ ਲੱਗੇ। ਜਦੋਂ ਰਾਜਾ ਪਹਿਲਾਂ ਵੀ ਰਾਜ ਕਰਦਾ ਸੀ ਤਾਂ ਇੱਕ ਡਾਲਰ ਦੇ ਪੰਜ-ਛੇ ਤੁੰਮਨ ਹੁੰਦੇ ਸਨ। ਤੁੰਮਨ ਈਰਾਨ ਦੀ ਕਰੰਸੀ ਦਾ ਨਾਂ ਹੈ। ਉਹ ਸਾਰੇ ਪੰਜਾਬੀ ਮੁੰਡੇ ਕੁਝ ਵਾਪਿਸ ਇੰਡੀਆ ਆ ਗਏ, ਕੁਝ ਬਾਹਰ ਹੋਰ ਮੁਲਕਾਂ ਵਿੱਚ ਧੱਕੇ-ਧੜੇ ਖਾਂਦੇ ਅਮਰੀਕਾ, ਕੈਨੇਡਾ, ਗਰੀਸ, ਜਰਮਨ ਆਦਿ ਵਿੱਚ ਚਲੇ ਗਏ। ਈਰਾਨ ਵਿੱਚ ਭੁੱਖ ਮਰੀ ਫੈਲ ਗਈ। ਬਹੁਤੇ ਆਦਮੀ ਇੰਡੀਆ ਹੀ ਵਾਪਿਸ ਆ ਗਏ। ਜਿਹੜੇ ਸਿਆਣੇ ਅਤੇ ਸਮਝਦਾਰ ਸਨ, ਉਹ ਚਾਰ ਪੈਸੇ ਕਮਾ ਕੇ ਘਰ ਲੈ ਆਏ। ਕਿਸੇ ਨੇ ਘਰ ਪਾ ਲਏ ਅਤੇ ਕਿਸੇ ਨੇ ਚਾਰ ਏਕੜ ਜ਼ਮੀਨ ਬਣਾ ਲਈ। ਚਾਰ ਪੈਸੇ ਜਿਨ੍ਹਾਂ ਕੋਲ ਹਨ, ਉਨ੍ਹਾਂ ਦੀ ਪਿੰਡ ਵਿੱਚ ਸ਼ਲਾਘਾ ਵੀ ਹੁੰਦੀ ਹੈ।

ਖੁੰਡਾਂ 'ਤੇ ਬੈਠ ਕੇ ਬਜ਼ੁਰਗ ਗੱਲਾਂ ਕਰਦੇ ਹਨ ਕਿ ਜੱਗੇ ਨੇ ਘਰ ਦਾ ਮੂੰਹ ਧੋ ਦਿੱਤਾ, ਬੜੀ ਕਮਾਈ ਕੀਤੀ। ਕਮਾਈ ਆਪਣੇ ਲਈ ਕੀਤੀ ਅਤੇ ਸ਼ਾਬਾਸ਼ ਲੋਕਾਂ ਦੀ ਲਈ। ਮੈਂ ਵੀ ਆਪਣਾ ਛੋਟਾ ਭਰਾ ਰਣਜੋਧ ਸਿੰਘ ਈਰਾਨ ਭੇਜਿਆ ਸੀ। ਤਿੰਨ ਸਾਲ ਲਾ ਕੇ ਦਿੱਲੀ ਤੋਂ ਟੈਕਸੀ ਲੈ ਕੇ ਚਾਰ ਸਾਥੀਆਂ ਨਾਲ ਘਰ ਆ ਗਿਆ। ਦਿੱਲੀ ਤੋਂ ਟੈਕਸੀ ਦਾ ਭਾੜਾ ਬਾਰਾਂ ਸੌ ਰੁਪਏ ਸੀ। ਤਿੰਨ ਸੌ ਰੁਪਇਆ ਇੱਕ ਦੇ ਹਿੱਸੇ ਆਉਂਦਾ ਸੀ। ਜਦੋਂ ਘਰ ਅੱਗੇ ਟੈਕਸੀ ਰੁਕੀ ਤਾਂ ਅਸੀਂ ਹੱਕੇ-ਬੱਕੇ ਰਹਿ ਗਏ। ਉਦੋਂ ਕਿਹੜੇ ਟੈਲੀਫ਼ੋਨ ਹੁੰਦੇ ਸੀ। ਚਿੱਠੀ ਪੱਤਰ ਚੱਲਦਾ ਸੀ। ਚਿੱਠੀ ਵੀ ਈਰਾਨ ਵਿੱਚੋਂ ਵੀਹ-ਪੰਜੀ ਦਿਨਾਂ ਬਾਅਦ ਮਿਲਦੀ ਸੀ। ਟੈਕਸੀ ਵਿੱਚੋਂ ਕਲੀਨ ਸ਼ੇਵ, ਰੰਗ ਗੋਰਾ, ਸਾਡਾ ਭਰਾ ਰਣਜੋਧ ਸਿੰਘ ਉਤਰਿਆ। ਜਵਾਨ ਨੇ ਦੋ ਟੇਪ-ਰਿਕਾਰਡਾਂ ਗੱਲ ਵਿੱਚ ਪਾਈਆਂ ਤੇ ਮਾਣਕ ਦੀਆਂ ਕਲੀਆਂ ਲਾਈਆਂ। ਇੱਕ ਹੱਥ ਵਿੱਚ ਬੈਗ ਸੀ। ਅਸੀਂ ਸਾਰਾ ਟੱਬਰ ਉਸ ਦੇ ਆਉਣ 'ਤੇ ਖ਼ੁਸ਼ ਹੋਏ। ਟੈਕਸੀ ਵਾਲੇ ਨੂੰ ਚਾਹ ਪਿਆਈ। ਜੋਧ ਸਿੰਘ ਬਾਪੂ ਜੀ ਨੂੰ ਕਹਿੰਦਾ ਬਾਪੂ ਜੀ ਤਿੰਨ ਸੌ ਰੁਪਏ ਦਿਉ। ਮੇਰੇ ਕੋਲ ਡਾਲਰ ਹਨ ਅਤੇ ਬਾਪੂ ਨੇ ਫਟਾ-ਫਟ ਤਿੰਨ ਸੌ ਰੁਪਇਆ ਟੈਕਸੀ ਵਾਲੇ ਨੂੰ ਦੇ ਦਿੱਤਾ। ਟੈਕਸੀ ਵਾਲਾ ਚਲਾ ਗਿਆ। ਦੋ-ਤਿੰਨ ਦਿਨ ਲੰਘ ਗਏ। ਮੈਂ ਅਤੇ ਬਾਪੂ ਸੋਚਣ ਲੱਗੇ ਕਿ ਘਰ ਪੈਸਿਆਂ ਦੀ ਜ਼ਰੂਰਤ ਹੈ, ਇਹ ਡਾਲਰ ਨਹੀਂ ਕੱਢਦਾ। ਸ਼ਾਮ ਨੂੰ ਜੋਧ ਸਿੰਘ ਨੇ ਟੇਬਲ ਲਾ ਕੇ ਦਾਰੂ ਦੀ ਬੋਤਲ ਖੋਲ੍ਹ ਲੈਣੀ ਅਤੇ ਨਵੀਂ ਲਿਆਂਦੀ ਟੇਪ ਲਾ ਲੈਣੀ। ਉਦੋਂ ਟੇਪ-ਰਿਕਾਰਡ ਹੀ ਮਨੋਰੰਜਨ ਦਾ ਸਾਧਨ ਹੁੰਦੀ ਸੀ। ਦੋ ਹਾੜੇ ਲਾ ਕੇ ਕਹਿਣਾ ਈਰਾਨ ਤਾਂ ਪਰੀਆਂ ਦਾ ਮੁਲਕ ਹੈ। ਇੰਡੀਆ ਤਾਂ ਸੌ ਸਾਲਾਂ 'ਚ ਵੀ ਈਰਾਨ ਨਹੀਂ ਬਣ ਸਕਦਾ। ਅਖ਼ੀਰ ਪੰਜ-ਸੱਤ ਦਿਨ ਕੰਮ ਚੱਲਿਆ ਤਾਂ ਬਾਪੂ ਡਾਲਰਾਂ ਬਾਰੇ ਜੋਧ ਸਿੰਘ ਨਾਲ ਗੱਲ ਕੀਤੀ। ਕੁੱਝ ਲਿਆ ਬਈ ਘਰ ਪੈਸੇ ਚਾਹੀਦੇ ਹਨ। ਤਾਂ ਜੋਧ ਸਿੰਘ ਨੇ ਕਿਹਾ ਮੇਰਾ ਦੋਸਤ ਪਿੱਛੇ ਰਹਿ ਗਿਆ ਹੈ। ਉਹ ਲੈ ਕੇ ਆਵੇਗਾ। ਉਹ ਦੋਸਤ ਅੱਜ ਤੱਕ ਨਹੀਂ ਆਇਆ। ਜਿਵੇਂ ਗਿਆ ਸੀ, ਉਸੇ ਤਰ੍ਹਾਂ ਹੀ ਆ ਗਿਆ। ਜੋ ਕਮਾਈ ਕੀਤੀ ਉਹ ਦਾਰੂ ਅਤੇ ਅਯਾਸ਼ੀ ਵਿੱਚ ਉਜਾੜ ਦਿੱਤੀ।

ਉਸ ਵੇਲੇ ਅੰਮ੍ਰਿਤਸਰ ਏਅਰਪੋਰਟ ਤੋਂ ਕਾਬਲ ਨੂੰ ਇੱਕ ਫਲਾਈਟ ਅਰੀਆਨਾ-ਅਫ਼ਗਾਨਾ ਦੀ ਜਾਂਦੀ ਸੀ। ਈਰਾਨ, ਈਰਾਕ, ਗਰੀਸ ਜਾਣ ਤੋਂ ਪਹਿਲਾਂ ਕਾਬਲ ਹੀ ਜਾਣਾ ਪੈਂਦਾ ਸੀ। ਅੰਮ੍ਰਿਤਸਰ ਤੋਂ ਜਹਾਜ਼ ਦੀ ਟਿਕਟ ਗਿਆਰਾਂ ਸੌ ਰੁਪਏ ਵਿੱਚ ਜਾਣ ਆਉਣ ਹੁੰਦਾ ਸੀ। ਕਾਬਲ ਅਫ਼ਗਾਨਿਸਤਾਨ ਦੀ ਰਾਜਧਾਨੀ ਹੈ। ਉੱਥੇ ਰਹਿਣ ਨੂੰ ਹੋਟਲ ਬੜੇ ਸਸਤੇ ਹਨ। ਇੰਡੀਆ ਦੇ ਇੱਕ ਰੁਪਏ ਦੇ ਅਫ਼ਗਾਨਿਸਤਾਨ ਦੇ ਛੇ ਅਫ਼ਗਾਨੀਆਂ ਮਿਲਦੀਆਂ ਸਨ। ਅਫ਼ਗਾਨਿਸਤਾਨ ਕਰੰਸੀ ਦਾ ਨਾਂ ਅਫ਼ਗਾਨੀ ਸੀ। ਹੋਟਲ ਦੇ ਵਿੱਚ ਵੀਹ-ਪੰਜੀ ਅਫ਼ਗਾਨੀ ਦਾ ਇੱਕ ਕਮਰਾ ਮਿਲ ਜਾਂਦਾ ਸੀ। ਜਿਹੜੇ ਮੁੰਡੇ ਈਰਾਨ, ਗਰੀਸ, ਲਿਬਨਾਨ,ਸੀਰੀਆ, ਜੋਰਡਨ ਜਾਂਦੇ ਸਨ, ਉਹ ਸਾਰੇ ਕਾਬਲ ਰਾਹੀਂ ਹੀ ਜਾਂਦੇ ਸਨ। ਕਾਬਲ ਤੋਂ ਮਿਹਾਨ ਟੂਰ ਦੀਆਂ ਬੱਸਾਂ ਚੱਲਦੀਆਂ ਸਨ ਅਤੇ ਅਠਤਾਲੀ ਘੰਟੇ ਵਿੱਚ ਤਹਿਰਾਨ ਜਿਹੜਾ ਕੀ ਈਰਾਨ ਦੀ ਰਾਜਧਾਨੀ ਸੀ, ਪਹੁੰਚਾ ਦਿੰਦੀਆਂ ਸਨ। ਤਹਿਰਾਨ ਵਿੱਚ ਇੱਕ ਬਹੁਤ ਪੁਰਾਣਾ ਗੁਰਦੁਆਰਾ ਸਾਹਿਬ ਸੀ। ਉੱਥੇ ਸੌ ਕੁ ਸਿੱਖਾਂ ਦਾ ਪਰਿਵਾਰ ਰਹਿੰਦਾ ਸੀ। ਉਨ੍ਹਾਂ ਨੇ ਹੀ ਬਣਾਇਆ ਸੀ। ਜਿਹੜੇ ਨਵੇਂ ਮੁੰਡੇ ਤਹਿਰਾਨ ਗੁਰਦੁਆਰੇ ਜਾਂਦੇ ਸਨ ਉੱਥੋਂ ਹੀ ਫੈਕਟਰੀਆਂ ਵਾਲੇ ਉਨ੍ਹਾਂ ਨੂੰ ਕੰਮ 'ਤੇ ਲੈ ਜਾਂਦੇ ਸਨ। ਆਮ ਮੁੰਡੇ ਉੱਥੇ ਬਾਰਾਂ-ਬਾਰਾਂ ਘੰਟੇ ਕੰਮ ਕਰ ਕੇ ਚੰਗੇ ਪੈਸੇ ਕਮਾ ਲੈਂਦੇ ਸਨ। ਈਰਾਨ ਵਿੱਚ ਸ਼ੁੱਕਰਵਾਰ (ਜੁੰਮਾ) ਦੀ ਛੁੱਟੀ ਹੁੰਦੀ ਹੈ। ਸਾਰੇ ਮੁਸਲਮਾਨ ਨਮਾਜ਼ ਪੜ੍ਹਨ ਮਸਜਿਦ ਵਿੱਚ ਜਾਂਦੇ ਹਨ। ਉਸ ਸਮੇਂ ਵੀਹ-ਪੰਜੀ ਹਜ਼ਾਰ ਮੁੰਡੇ ਈਰਾਨ ਵਿੱਚ ਰਹਿੰਦੇ ਸੀ। ਜ਼ਿਆਦਾਤਰ ਤਹਿਰਾਨ ਵਿੱਚ ਹੀ ਸਨ। ਕਿਉਂਕਿ ਤਹਿਰਾਨ ਈਰਾਨ ਦੀ ਰਾਜਧਾਨੀ ਸੀ। ਤਹਿਰਾਨ ਵਿੱਚ ਹੀ ਬੜਾ ਵੱਡਾ ਸੁੰਦਰ ਅਤੇ ਵੱਡਾ ਏਅਰਪੋਰਟ ਸੀ। ਸਾਰੇ ਈਰਾਨ ਨਾਲੋਂ ਸੁੱਖ ਸਹੂਲਤਾਂ ਤਹਿਰਾਨ ਵਿੱਚ ਹੀ ਸਨ। ਪੰਜਾਬੀ ਮੁੰਡੇ ਸ਼ੁੱਕਰਵਾਰ ਨੂੰ ਗੁਰਦੁਆਰਾ ਸਾਹਿਬ ਜਾਂਦੇ ਅਤੇ ਗੁਰੂ ਘਰ ਦੀ ਬੜੀ ਸੇਵਾ ਕਰਦੇ। ਲੰਗਰ ਬਣਾਉਂਦੇ ਅਤੇ ਸਾਰੀ ਸੰਗਤ ਨੂੰ ਲੰਗਰ ਛਕਾਉਂਦੇ। ਜੇ ਕਿਸੇ ਮੁੰਡੇ ਨੂੰ ਕੁੜੀ ਦੀ ਬੀਮਾਰੀ ਜਾਂ ਕੋਈ ਹੋਰ ਤਕਲੀਫ਼ ਹੁੰਦੀ ਜਾਂ ਕਿਸੇ ਨੇ ਇੰਡੀਆਂ ਨੂੰ ਆਉਣਾ ਹੁੰਦਾ, ਉਸ ਕੋਲ ਪੈਸੇ ਨਾ ਹੁੰਦੇ ਤਾਂ ਗੁਰਦੁਆਰਾ ਸਾਹਿਬ ਅਨਾਊਂਸ ਕਰਕੇ ਪੰਜ ਸੱਤ ਹਜ਼ਾਰ ਰੁਪਇਆ ਆਵੇ ਹੀ ਇਕੱਠਾ ਹੋ ਜਾਂਦਾ। ਉਹ ਬੰਦਾ ਪੈਸੇ ਲੈ ਕੇ ਆਪਣੇ ਘਰ ਇੰਡੀਆਂ ਆ ਜਾਂਦਾ। ਜਿਹੜੇ ਸਿੱਖ ਪੁਰਾਣੇ ਈਰਾਨ ਵਿੱਚ ਰਹਿੰਦੇ ਸਨ, ਉਹ ਤਕਰੀਬਨ ਸੌ ਸਾਲ ਪਹਿਲਾਂ ਇੰਡੀਆ ਜਾ ਕੇ ਵੱਸੇ ਸਨ। ਜਦੋਂ ਈਰਾਨ ਉੱਤੇ ਖ਼ੁਮਿਆਨੀ ਦਾ ਰਾਜ ਹੋ ਗਿਆ ਤਾਂ ਕਾਫ਼ੀ ਸਿੱਖ ਆਪਣਾ ਕਾਰੋਬਾਰ ਬੰਦ ਕਰਕੇ ਘਰ ਬੂਹਾ ਵੇਚ ਕੇ ਇੰਡੀਆਂ ਆ ਗਏ। ਅਜੇ ਵੀ ਸਿੱਖਾਂ ਦੇ ਕਾਫ਼ੀ ਪਰਿਵਾਰ ਈਰਾਨ ਵਿੱਚ ਹੀ ਰਹਿੰਦੇ ਹਨ। ਕਈ ਸਿੱਖ ਜਿਨ੍ਹਾਂ ਦਾ ਕਾਰੋਬਾਰ ਈਰਾਨ ਵਿੱਚ ਬੰਦ ਹੋ ਗਿਆ ਸੀ, ਜਿਨ੍ਹਾਂ ਦੀ ਨਾਗਰਿਕਤਾ ਈਰਾਨ ਸੀ, ਉਹ ਈਰਾਨ ਨੂੰ ਛੱਡ ਕੇ ਕੁਝ ਇੰਗਲੈਂਡ, ਅਮਰੀਕਾ ਚਲੇ ਗਏ ਅਤੇ ਕੁਝ ਕੈਨੇਡਾ ਪਹੁੰਚ ਗਏ।

ਚਲਦਾ

ਪੰਜਾਬ-ਉਦੋਂ

ਸਫ਼ਾ I ਦੀ ਬਾਕੀ

ਵੇਲੇ ਜਦੋਂ ਮੋਰ ਦੀਆਂ ਅੱਖਾਂ ਵਿੱਚ ਅੱਥਰੂ ਆ ਜਾਂਦੇ। ਮੋਰਨੀ ਉਸ ਅੱਖ ਦੀ ਬੂੰਦ ਨੂੰ ਪੀ ਲੈਂਦੀ। ਭੈਣ ਸ਼ੀਨਾ ਦਾਨਿਆਂ ਦਾ ਪੱਲਾ ਭਰੀ ਝਟ-ਪਟ ਖਲੋ ਕੇ ਵਿੰਹਦੀ ਰਹਿੰਦੀ। ਫੇਰ ਮੁੱਠੀਆਂ ਭਰ-ਭਰ ਦਾਣੇ ਖਿਲਾਰਦੀਆਂ। ਪਾਣੀਆਂ ਦੀਆਂ ਕੁੰਡੀਆਂ ਭਰਦੀ ਤੇ ਥੱਲੇ ਰਹਿ ਜਾਂਦੀ। ਉਸ ਵੇਲੇ ਆਸ-ਪਾਸ ਦੀਆਂ ਛੱਤਾਂ ਉੱਤੇ ਉਡਾਰੀ ਭਰ ਕੇ ਸਾਰੇ ਮੋਰ ਇੱਕੋ ਵਾਰੀ ਸਾਡੀ ਛੱਤ ਤੇ ਆ ਜਾਂਦੇ। ਦਾਣਾ ਦੁਗਦੇ, ਪਾਣੀ ਪੀਂਦੇ। ਇੱਧਰ ਮੋਰਾਂ ਦਾ ਨਾਸ਼ਤਾ ਹੁੰਦਾ, ਉੱਧਰ ਸਾਡੀ ਤਾਈ ਭੈਣ ਸ਼ੀਨਾ ਦੀ ਮਾਂ ਮੱਖਣ ਚੂਰੀ ਦਾ ਨਾਸ਼ਤਾ ਰੱਖ ਕੇ ਨਿਆਣਿਆਂ ਨੂੰ ਹਾਕ ਮਾਰ ਲੈਂਦੀ। ਸ਼ਾਮ ਵੇਲੇ ਇੱਕ ਵਾਰੀ ਫੇਰ ਨਿਆਣਿਆਂ ਦੀ ਪਲਟਨ ਲੈ ਕੇ ਭੈਣ ਸ਼ੀਨਾ ਮੰਮਟੀ ਉੱਤੇ ਜਾਂਦੀ। ਉੱਥੇ ਡਿੱਗੇ ਮੋਰਾਂ ਦੇ ਪਰ ਚੁੱਕ ਕੇ ਗੁਲਦਸਤਾ ਜਿਹਾ ਬਣਾ ਲੈਂਦੀ, ਵਿੱਚੋਂ ਇੱਕ ਅਧਾ ਮੇਰੇ ਵਰਗਿਆਂ ਨੂੰ ਫੜਾ ਦਿੰਦੀ। ਪਿੰਡ ਦੇ ਸਾਰੇ ਬੱਚੇ ਆਪਣੀਆਂ ਕਿਤਾਬਾਂ ਵਿੱਚ ਮੋਰ ਦੇ ਪੈਰਾਂ ਦੀਆਂ ਨਿਸ਼ਾਨੀਆਂ ਰੱਖਦੇ ਸਨ।

ਪੰਜਾਬੀ ਲੇਖਕ ਦਵਿੰਦਰ ਦੀਦਾਰ, ਆਪਣੇ ਲੇਖ 'ਡੁੱਬ ਚੁੱਕੇ ਸੂਰਜ ਦੀ ਲੋਅ' ਵਿੱਚ ਲਿਖਦੇ ਹਨ।

ਇੱਕ ਵਕਤ ਸੀ ਜਦੋਂ ਪਿੰਡ ਸੱਚਮੁੱਚ ਹੀ ਸਵਰਗ ਹੁੰਦੇ ਸਨ। ਪਿੰਡਾਂ ਦੇ ਪਿੱਪਲਾਂ ਤੇ ਬੋਹੜਾਂ ਦੀ ਛਾਂ ਸਵਰਗ ਵਰਗੀ ਹੀ ਹੁੰਦੀ ਸੀ। ਜਿੱਥੇ ਬਜੁਰਗਾਂ ਨੇ ਬਾਰਾਂ ਟਾਹਣੀ, ਚੌਪੜ ਚਕਾਣਾ, ਤਾਸ਼ ਅਤੇ ਕਈਆਂ ਨੇ ਸ਼ਤਰੰਜ ਤੱਕ ਖੇਡਣੀ, ਬੱਚਿਆਂ ਨੇ ਪਿੱਠੂ, ਬਾਲ ਦੇਣੀ, ਜੱਟ ਬ੍ਰਾਹਮਣ ਛੂਹਣ-ਸਿਪਾਹੀ, ਕਾਨਾ ਘੋੜੀ, ਗੁੱਲੀ ਡੰਡਾ ਅਤੇ ਸ਼ਾਮ ਪੈਣ ਤੇ ਖਿੱਦੋ ਖੂੰਡੀ ਖੇਡਣੀ, ਬੱਚੀਆਂ ਨੇ ਛਟਾਪੂ, ਕੋਟਲਾ-ਛਪਾਕੀ ਅਤੇ ਗੀਟੀਆਂ ਖੇਡਣਾ, ਘਰ ਵਿੱਚ ਸਵਾਣੀਆਂ ਨੇ ਚਾਦਰਾਂ ਕੱਢਣੀਆਂ, ਦਰੀਆਂ, ਨਾਲੇ ਬੁਣਨੇ ਅਤੇ ਮੁਟਿਆਰਾਂ ਨੇ ਤ੍ਰਿੰਝਣਾਂ ਵਿੱਚ ਬੈਠ ਕੇ ਚਰਖੇ ਕੱਤਣੇ, ਸਾਰੇ ਪਿੰਡ ਦਾ ਮਾਹੌਲ ਖੁਸ਼ਗਵਾਰ ਹੁੰਦਾ, ਲੋਕ ਹੱਸਦੇ ਖੇਡਦੇ ਅਤੇ ਪਿਆਰ ਵੰਡਦੇ ਸਨ। ਕਿੱਧਰੇ ਕੋਈ ਮਰਗ ਹੋ ਜਾਣੀ ਤਾਂ ਸਾਰਾ ਪਿੰਡ ਸੋਗ ਵਿੱਚ ਡੁੱਬ ਜਾਣਾ, ਜੇ ਕੋਈ ਜਵਾਨ-ਜਹਾਨ ਤੁਰ ਜਾਣਾ ਤਾਂ ਸਾਰੇ ਪਿੰਡ ਨੇ ਹੀ ਚੁੱਲ੍ਹੇ ਅੱਗ ਨਾ ਪਾਉਣੀ। ਇੱਕ ਪਰਿਵਾਰ ਦਾ ਦੁੱਖ ਸਾਰੇ ਪਿੰਡ ਦਾ ਦੁੱਖ ਹੁੰਦਾ ਸੀ ਅਤੇ ਇੱਕ ਪਰਿਵਾਰ ਦੀ ਖ਼ੁਸ਼ੀ ਨਾਲ ਸਾਰਾ ਪਿੰਡ ਖੀਵਾ ਹੋ ਜਾਂਦਾ ਸੀ। ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ। ਇਹ ਮੇਲਿਆਂ ਅਤੇ ਤਿਉਹਾਰਾਂ ਦੀ ਧਰਤੀ ਹੈ। ਹੱਡ ਭੰਨਵੀਂ ਕਮਾਈ ਕਰਨਾ ਤੇ ਜੀਵਨ ਨੂੰ ਮਾਨਣਾ ਪੰਜਾਬੀਅਤ ਦਾ ਵਿਸ਼ੇਸ਼ ਪਹਿਲੂ ਰਿਹਾ ਹੈ। ਧਨੀ ਰਾਮ ਚਾਤ੍ਰਿਕ ਨੇ ਪੰਜਾਬੀ ਜੀਵਨ ਦੀ ਇਹ ਤਸਵੀਰ ਇਉਂ ਪੇਸ਼ ਕੀਤੀ ਹੈ-

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਪੱਗ ਝੱਗਾ, ਚਾਦਰ ਨਵੇਂ ਸਿਵਾਏ ਕੇ,
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਏ ਕੇ,
ਕੱਛੇ ਮਾਰ ਵੰਝਲੀ ਆਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਖੇਤਾਂ, ਖੂਹਾਂ, ਫਸਲਾਂ ,ਤੇ ਰੁੱਖਾਂ ਦੀ ਧਰਤੀ ਦੇ ਸੁਹੱਪਣ ਨੂੰ ਪੰਜਾਬੀ ਦੇ ਸਿਰਮੌਰ ਕਵੀ ਪ੍ਰੋਫੈਸਰ ਮੋਹਨ ਸਿੰਘ ਇਉਂ ਬਿਆਨ ਕਰਦੇ ਹਨ-

ਇੱਥੇ ਘੁੰਮ-ਘੁੰਮ ਵਗਣ ਹਵਾਵਾਂ,
ਇੱਥੇ ਘੁੰਮਰੀਆਂ-ਘੁੰਮਰੀਆਂ ਛਾਵਾਂ
ਨੀ ਮੈਂ ਅੱਗ ਸੁਰਗਾਂ ਨੂੰ ਲਾਵਾਂ,
ਜਦ ਪਵੇ ਇਥਾਈਂ ਲੱਭ ਨੀ,
ਸਾਡੇ ਖੂਹ ਤੇ ਵੱਸਦਾ ਰੱਬ ਨੀ,

ਪੰਜਾਬੀ ਦੇ ਧਰਮ ਨਿਰਪੱਖ ਕਵੀਸ਼ ਬਾਬੂ ਰਜਬ ਅਲੀ ਆਪਣਏ ਦੇਸ਼ ਪੰਜਾਬ ਬਾਰੇ ਲਿਖਧੇ ਹਨ-

ਲੋਕ ਧਰਮੀ, ਦਾਤੇ ਦਾਨੇ। ਵੰਡ ਦੇਵਣ ਭਰੇ ਖਜਾਨੇ,
ਨੂੰਹ ਰਾਣੀ ਤੇ ਧੀ ਮੇਲਣ। ਨਿੱਤ ਦੌਲਤ ਦੇ ਵਿੱਚ ਖੇਡਣ। ਲੜ ਉੱਡਦੇ ਰੰਗਲੇ ਸਾਲੂ ਦੇ। ਜਾਣ ਪੈਲਾਂ ਪਾਉਂਦੀਆਂ ਮੋਰਨੀਆਂ।
ਭੱਤੇ ਢੋਵਣ ਕੰਤ ਰਸਾਲੂ ਦੇ। ਮਾਰ ਬੜ੍ਹਕਾਂ ਵਹਿੜੇ ਬਣਕਣ। ਗਲ ਵਿੱਚ ਘੁੰਗਰਾਲਾ ਖੜਕਣ। ਥਣ ਬੱਗੀਆਂ ਦੇ ਚੜ੍ਹ ਲਹਿੰਦੇ। ਉਸ ਮੱਝ ਨੂੰ ਮੱਝ ਨਾ ਕਹਿੰਦੇ, ਜਿਸ ਮੱਝ ਨੇ ਭਰ ਤਾ ਦੋਹਣਾ ਨਾ। ਵੇਖ ਦੇਸ਼ ਬਥੇਰੇ ਦੁਨੀਆਂ ਦੇ।
ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

(ਅਗਲੀ ਕਿਸ਼ਤ ਅਗਲੇ ਐਤਵਾਰ)

ਕੁਝ ਗੱਲਾਂ ਪੰਜਾਬੀ ਦੇ ਵਿਦਵਾਨਾਂ ਨਾਲ

ਸਫ਼ਾ I ਦੀ ਬਾਕੀ

ਉੱਠਦਾ।

ਮੈਨੂੰ ਤਿੰਨ ਚਾਰ ਆਂਗਨਵਾੜੀ ਵਰਕਰਾਂ ਦੇ ਫ਼ੋਨ ਪਹੁੰਚੇ ਹਨ ਕਿ ਉਨ੍ਹਾਂ ਨੂੰ ਹਿਦਾਇਤ ਮਿਲੀ ਹੈ ਕਿ ਪਿੰਡਾਂ ਦੇ ਬੱਚੇ ਕਿਤੇ ਅਨਪੜ੍ਹ ਹੀ ਨਾ ਰਹਿ ਜਾਣ, ਇਸ ਲਈ ਉਨ੍ਹਾਂ ਨੂੰ ਪੰਜਾਬੀ ਦੀ ਬਜਾਏ ਅੰਗਰੇਜ਼ੀ ਦੇ ਅੱਖਰ ਸਿਖਾਏ ਜਾਣ। ਕੀ ਇਹ ਪੰਜਾਬੀ ਜ਼ੁਬਾਨ ਨੂੰ ਪੁੰਗਰਨ ਤੋਂ ਪਹਿਲਾਂ ਹੀ ਮਸਲਣ ਦੀ ਕੋਸ਼ਿਸ਼ ਨਹੀਂ ਹੈ? ਕੀ ਸਿਰਫ਼ ਅਨਪੜ੍ਹ ਹੀ ਇਹ ਜ਼ੁਬਾਨ ਵਰਤ ਸਕਦੇ ਹਨ?

ਬੱਚਿਆਂ ਦੀ ਡਾਕਟਰ ਹੋਣ ਦੇ ਨਾਤੇ ਮੇਰਾ ਵਾਹ ਰੋਜ਼ ਲੱਗਭੱਗ 150 ਤੋਂ 200 ਬਿਮਾਰ ਬੱਚਿਆਂ ਨਾਲ ਪੈਂਦਾ ਹੈ। ਮੈਂ ਉਨ੍ਹਾਂ ਵਿੱਚੋਂ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਪੁੱਛਿਆਂ ਕਿ ਕਿੰਨੇ ਬੱਚੇ ਪੰਜਾਬੀ ਦੀ ਅਖ਼ਬਾਰ ਪੜ੍ਹਦੇ ਹਨ? ਸਿਰਫ਼ ਤੇਰਾਂ ਪ੍ਰਤੀਸ਼ਤ ਬੱਚਿਆਂ ਨੇ ਹੀ ਮੇਰੇ ਕੋਲ ਹਾਲੇ ਤੱਕ ਹਾਮੀ ਭਰੀ ਹੈ। ਇਹ ਸੋਚਿਆ ਹੀ ਜਾ ਸਕਦਾ ਹੈ ਕਿ ਪੰਜਾਬੀ ਦੇ ਰਿਸਾਲੇ ਕਿੰਨੇ ਕੁ ਅੰਗਰੇਜ਼ੀ ਮਾਧਿਅਮ ਸਕੂਲਾਂ ਦੇ ਬੱਚੇ ਪੜ੍ਹ ਰਹੇ ਹੋਣਗੇ! ਇਹ ਹੁਣ ਪੰਜਾਬੀ ਦੇ ਵਿਦਵਾਨ ਹੀ ਸੋਚ ਕੇ ਵੇਖਣ ਕਿ ਪੰਜਾਬ ਵਿੱਚ ਪੰਜਾਬੀ ਮਾਧਿਅਮ ਸਕੂਲ ਜ਼ਿਆਦਾ ਹਨ ਕਿ ਅੰਗਰੇਜ਼ੀ ਮਾਧਿਅਮ? ਕੀ 13 ਪ੍ਰਤੀਸ਼ਤ ਗਿਣਤੀ ਪੰਜਾਬੀ ਜ਼ੁਬਾਨ ਨੂੰ ਅੱਗੇ ਤੋਰਨ ਵਿੱਚ ਸਹਾਈ ਹੋ ਸਕਦੀ ਹੈ? ਜਦੋਂ ਵੀ ਕੋਈ ਤਕਨੀਕੀ ਮਾਹਿਰ ਜਾਂ ਉੱਚੀ ਵਿੱਦਿਆ ਹਾਸਲ ਕਰ ਕੇ ਕੋਈ ਪੰਜਾਬੀ ਉੱਚੀ ਪਦਵੀ 'ਤੇ ਪਹੁੰਚਦਾ ਹੈ ਤਾਂ ਸਭ ਤੋਂ ਪਹਿਲਾਂ ਕੰਮ ਜੋ ਉਹ ਕਰਦਾ ਹੈ, ਉਹ ਹੈ ਪੰਜਾਬੀ ਜ਼ੁਬਾਨ ਨੂੰ ਲਿਾਂਜਲੀ ਦੇਣਾ। ਅਮਰੀਕਾ ਵਿੱਚ ਵੱਸੇ ਕਿੰਨੇ ਕੁ ਉੱਚ ਕੋਟੀ ਦੇ ਡਾਕਟਰ, ਇੰਜ਼ੀਨੀਅਰ ਜਾਂ ਕੰਪਿਊਟਰ ਮਾਹਿਰ ਪੰਜਾਬੀ ਸਾਹਿਤ ਪੜ੍ਹ ਕੇ ਆਪਣੇ ਬੱਚਿਆਂ ਨੂੰ ਵੀ ਪੜ੍ਹਨ ਲਈ ਪ੍ਰੇਰਿਤ ਕਰ ਰਹੇ ਹਨ? ਜੇ ਪੰਜਾਬੀ ਜ਼ੁਬਨ ਵਿੱਚ ਪੜ੍ਹਾ ਰਹੇ ਅਧਿਆਪਕ ਹੀ ਬੱਚਿਆਂ ਦਾ ਮੋਹ, ਪੰਜਾਬੀ ਬੋਲੀ ਪ੍ਰਤੀ ਨਹੀਂ ਉਜਾਗਰ ਕਰ ਰਹੇ ਤਾਂ ਬੱਚੇ ਵੱਡੇ ਹੋ ਕੇ ਕਿਉਂ ਇਸ ਬੋਲੀ ਨੂੰ ਅਪਨਾਉਣਗੇ? ਕਿੰਨੇ ਕੁ ਸਥਾਪਿਤ ਸਾਹਿਤਕਾਰਾਂ ਤੇ ਸ਼੍ਰੋਮਣੀ ਸਾਹਿਤਕਾਰਾਂ ਦੀਆਂ ਰਚਨਾਵਾਂ ਬੱਚੇ ਪੜ੍ਹ ਰਹੇ ਹਨ? ਕੀ ਕਿਸੇ ਪੰਜਾਬੀ ਵਿਦਵਾਨ ਨੇ ਇਹ ਜੁੱਰਅਤ ਕਰਕੇ ਵੇਖੀ ਹੈ ਕਿ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹ ਰਹੇ ਅੱਠਵੀਂ ਨੌਵੀਂ ਜਮਾਤ ਦੇ ਬੱਚਿਆਂ ਨੂੰ ਪੁੱਛੇ ਕਿ ਕਿੰਨੀਆਂ ਭਾਸ਼ਾ ਵਿਭਾਗ ਵੱਲੋਂ ਇਨਾਮ ਦਿੱਤੀਆਂ ਜਾ ਚੁੱਕੀਆਂ ਪੰਜਾਬੀ ਜ਼ੁਬਾਨ ਵਿੱਚ ਲਿਖੀਆਂ ਕਿਤਾਬਾਂ ਉਨ੍ਹਾਂ ਪੜ੍ਹੀਆਂ ਹਨ? ਕਿਉਂ ਇਸ ਤਰ੍ਹਾਂ ਦਾ ਸਾਹਿਤ ਬੱਚੇ ਨਹੀਂ ਪੜ੍ਹ ਰਹੇ? ਕੀ ਇਸ ਤਰ੍ਹਾਂ ਦੇ ਸਾਹਿਤ ਨਾਲ ਉਨ੍ਹਾਂ ਦੀ ਵਾਕਫ਼ੀਅਤ ਹੀ ਨਹੀਂ ਹੋਈ ਜਾਂ ਉਨ੍ਹਾਂ ਦੀ ਖਿੱਚ ਇਸ ਪ੍ਰਤੀ ਨਹੀਂ ਹੈ?

ਜੇ ਪੰਜਾਬੀ ਬੱਚਿਆਂ ਤੋਂ ਵੀ ਪੰਜਾਬੀ ਸਾਹਿਤਕਾਰਾਂ ਦੀ ਰਚਨਾ 'ਤੇ ਵੋਟ ਪੁਆ ਕੇ ਵੇਖ ਲਈ ਜਾਵੇ ਕਿ ਕਿਸ ਤਰ੍ਹਾਂ ਦਾ ਸਾਹਿਤ ਬੱਚੇ ਮੰਗਦੇ ਹਨ ਤਾਂ ਪੰਜਾਬੀ ਜ਼ੁਬਾਨ ਵਿੱਚ ਰਚੇ ਸਾਹਿਤ ਦੀ ਸਹੀ ਸਥਿਤੀ ਸਾਹਮਣੇ ਆ ਜਾਵੇਗੀ ਕਿ ਬੱਚੇ ਕਿਉਂ ਇਸ ਤੋਂ ਪਰ੍ਹਾਂ ਖਿੱਚੇ ਜਾ ਰਹੇ ਹਨ? ਜੇ ਆਉਣ ਵਾਲੀ ਪੌਦ ਪੰਜਾਬੀ ਵਿੱਚ ਰਚੇ ਸਾਹਿਤ ਵੱਲ ਪ੍ਰੇਰਿਤ ਨਾ ਹੋਈ ਤਾਂ ਪੰਜਾਬੀ ਜ਼ੁਬਾਨ ਤਾਂ ਖ਼ਤਮ ਹੋਏਗੀ ਹੀ। ਜੇ ਤਕਨਾਕੀ ਮਾਹਿਰਾਂ ਨੂੰ ਪੰਜਾਬੀ ਵਿੱਚ ਲਿਖਣ ਲਈ ਪ੍ਰੇਰਿਤ ਨਾ ਕੀਤਾ ਗਿਆ ਤੇ ਬਾਹਵਾਂ ਖਿਲਾਰ ਕੇ ਸਵਾਗਤ ਨਾ ਕੀਤਾ ਗਿਆ ਤਾਂ ਜ਼ੁਬਾਨ ਦਾ ਘੇਰਾ ਸੀਮਤ ਹੋਏਗਾ ਹੀ।

ਜੇ ਉੱਚੀ ਪਦਵੀ 'ਤੇ ਪਹੁੰਚ ਜਾਣ 'ਤੇ ਪੰਜਾਬੀਆਂ ਵੱਲੋਂ ਪੰਜਾਬੀ ਜ਼ੁਬਾਨ ਨੂੰ ਅਨਪੜ੍ਹਾਂ ਦੀ ਜ਼ੁਬਾਨ ਕਿਹਾ ਜਾਏਗਾ ਤਾਂ ਪੰਜਾਬੀ ਦੀਆਂ ਜੜ੍ਹਾਂ ਤਾਂ ਵੱਢੀਆਂ ਜਾਣਗੀਆਂ ਹੀ। ਜੇ ਨਰੋਏ ਤੇ ਖੋਜ ਭਰਪੂਰ ਸਾਹਿਤ ਦਾ ਪੰਜਾਬੀ ਜ਼ੁਬਾਨ ਵਿੱਚ ਸਵਾਗਤ ਨਾ ਹੋਇਆ ਤਾਂ ਬਚ ਰਹੀਆਂ ਜ਼ੁਬਾਨਾਂ ਵਿੱਚੋਂ ਪੰਜਾਬੀ ਜ਼ੁਬਾਨ ਫਾਡੀ ਰਹੇਗੀ ਹੀ। ਜੇ ਪੰਜਾਬੀ ਦੇ ਵਿਦਵਾਨ ਬੰਦ ਕਮਰਿਆਂ ਵਿੱਚ ਗੋਸ਼ਟੀਆਂ ਕਰਦੇ ਰਹਿ ਗਏ ਤਾਂ ਦੁਨੀਆਂ ਦੇ ਚੋਟੀ ਦੇ ਭਾਸ਼ਾ ਵਿਗਿਆਨੀਆਂ ਵੱਲੋਂ ਕਹੀ ਭਵਿੱਖਬਾਣੀ ਸੱਚ ਹੋਏਗੀ ਹੀ ਕਿ ਪੰਜਾਬੀ ਜ਼ੁਬਾਨ ਅੱਧੀ ਸਦੀ ਤੋਂ ਵੱਧ ਨਹੀਂ ਜੀਅ ਸਕੇਗੀ! ਮੇਰੀ ਅਪੀਲ ਤਾਂ ਇੱਕ ਵਿਅਕਤੀ ਦੀ ਅਪੀਲ ਹੈ। ਮੇਰੇ ਵਰਗੀ ਵਿਅਕਤੀਗਤ ਸੋਚ ਵਾਲੇ ਹੋਰ ਵੀ ਬਥੇਰੇ ਹੋਣਗੇ ਪਰ ਸਾਡੀਆਂ ਅਵਾਜ਼ਾਂ ਵਿੱਚ ਬਲ ਕਿਉਂ ਨਹੀਂ ਪੈਦਾ ਹੋ ਰਿਹਾ। ਕਿਉਂਕਿ ਸਾਡੀਆਂ ਕੇਂਦਰੀ ਪੰਜਾਬੀ ਸਭਾ ਤੇ ਪੰਜਾਬੀ ਸਾਹਿਤ ਅਕਾਡਮੀ ਵਰਗੀਆਂ ਸਥਾਪਿਤ ਸਭਾਵਾਂ ਵਿੱਚ ਜਿਸ ਤਰ੍ਹਾਂ ਦੀ ਧੜਕਦੀ ਅਤੇ ਜੋਸ਼ੀਲੀ ਭਬਕ ਚਾਹੀਦੀ ਹੈ, ਖ਼ਿਮਾ ਕਰਨਾ ਮੈਨੂੰ ਉਹ ਨਹੀਂ ਦਿੱਸਦੀ। ਜੇ ਇੱਕ ਭਬਕ ਹੁੰਦੀ ਤਾਂ ਉਨ੍ਹਾਂ ਦੀਆਂ ਬੇਨਤੀਆਂ ਸਰਕਾਰੀ ਕੰਨਾਂ ਤੱਕ ਜ਼ਰੂਰ ਪਹੁੰਚਦੀਆਂ। ਅਸਾਂ ਸਾਰਿਆਂ ਕਬੂਤਰਾਂ ਦੀ ਉਹ ਕਹਾਣੀ ਪੜ੍ਹੀ ਸੁਣੀ ਹੋਈ ਹੈ ਜਦੋਂ ਉਹ ਰਲ ਕੇ ਸ਼ਿਕਾਰੀ ਦਾ ਜਾਲ ਲੈ ਉੱਡੇ ਸਨ। ਜਦੋਂ ਸਾਡੇ ਲੇਖਕ, ਸਾਡੇ ਲੋਕ ਤੇ ਸਰਕਾਰ ਰਲ ਕੇ "ਜੈ ਪੰਜਾਬੀ" ਦਾ ਨਾਅਰਾ ਮਾਰਨਗੇ ਤਾਂ ਸਾਡੇ ਸਾਰੇ ਪੰਜਾਬੀ ਬੱਚੇ ਘਰਾਂ ਵਿੱਚ ਬੈਠੇ ਹੀ ਭੰਗੜੇ ਤੇ ਗਿੱਧੇ ਪਾਉਂਦੇ ਦਿੱਸਣਗੇ।

ਬੱਚਿਆਂ ਦੀ ਮਾਹਿਰ, ਪ੍ਰੀਤ ਨਗਰ , ਪਟਿਆਲਾ।

ਗੁੱਸਾ : ਤਨ, ਮਨ, ਧਨ ਦਾ ਨਾਸ਼

ਸਫ਼ਾ I ਦੀ ਬਾਕੀ

ਚਿੜਚੜੇ ਸੁਭਾਉ ਕਾਰਣ ਵਿਅਕਤੀ ਅਕਸਰ ਗੁੱਸੇ ਅੰਦਰ ਹੀ ਰਹਿੰਦਾ ਹੈ ਪਰ ਇਹ ਸਭ ਕੁੱਝ ਵਿਅਕਤੀ ਦੀ ਅੰਦਰੂਨੀ ਤਾਕਤ ਨੂੰ ਲਗਾਤਾਰ ਖ਼ਤਮ ਕਰਦਾ ਹੀ ਜਾਂਦਾ ਹੈ। ਇਸ ਵਿੱਚ ਵੀ ਸਚਾਈ ਹੈ ਕਿ ਬੇਸਬਰੀ ਪਿੱਛੇ ਵੀ ਕੋਈ ਖ਼ਾਸ ਕਾਰਣ ਹੀ ਹੁੰਦਾ ਹੈ ਪਰ ਇਸ ਦਾ ਨਤੀਜਾ ਕਾਫ਼ੀ ਖ਼ਤਰਨਾਕ ਹੀ ਹੁੰਦਾ ਹੈ। ਬੇਸਬਰੀ ਦੀ ਅਸਲੀਅਤ ਇਹ ਹੈ ਕਿ ਇਸ ਦੀਆਂ ਤਰੰਗਾਂ ਆਤਮਾ ਵਿੱਚੋਂ ਹੀ ਨਿਕਲਦੀਆਂ ਹਨ, ਇਸ ਕਰਕੇ ਇਸ ਦਾ ਮੁਕਾਬਲਾ ਕਰਨਾ ਬਹੁਤ ਹੀ ਮੁਸ਼ਕਲ ਹੁੰਦਾ ਹੈ ਕਿਉਂਕਿ ਉਸ ਵਿੱਚ ਐਨੀ ਤਾਕਤ ਜਾਂ ਬਦਲੇ ਦੀ ਭਾਵਨਾ ਹੁੰਦੀ ਹੈ ਕਿ ਜੋ ਅਨੇਕ ਘਟਨਾਵਾਂ ਵਿੱਚ ਪੂਰੀ ਉੱਮਰ ਚੱਲਦੀ ਰਹਿੰਦੀ ਹੈ। ਜੇ ਕਰ ਕੁਝ ਪਲਾਂ ਦੀ ਬੇਸਬਰੀ ਜਾਂ ਸਹਿਨਸ਼ੀਲਤਾ ਉੱਪਰ ਕਾਬੂ ਪਾ ਲਿਆ ਜਾਵੇ ਤਾਂ ਜ਼ਿੰਦਗੀ ਭਰ ਦੀ ਮੁਸਾਬਤਾਂ ਤੋਂ ਬਚਿਆ ਜਾ ਸਕਦਾ ਹੈ। ਦੁਨੀਆਂ ਦੇ ਮਹਾਨ ਡਰਾਮਾ ਲਿਖਾਰੀ ਸ਼ੈਕਸ਼ਪੀਅਰ ਨੇ ਤਾਂ ਗੁੱਸੇ ਨੂੰ ਮਾਸ ਦੇ ਟੁਕੜੇ ਬਰਾਬਰ ਤੁਲਨਾ ਕੀਤੀ ਹੈ, ਇਹ ਉਹ ਮੀਟ ਹੈ ਕਿ ਜੋ ਵਿਅਕਤੀ ਆਪਣੇ ਸਰੀਰ ਦਾ ਮੀਟ ਖਾਂਦਾ ਹੈ। ਅੰਦਰੂਨੀ ਗੁੱਸੇ ਦਾ ਇੱਕ ਹੋਰ ਵੀ ਕਾਰਨ ਹੁੰਦਾ ਹੈ ਕਿ ਦੂਸਰਿਆਂ ਦੀ ਗਲਤੀਆਂ ਦੇ ਕਾਰਣ ਬਦਲਾ ਅਸੀਂ ਆਪਣੇ ਸਰੀਰ ਨਾਲ ਹੀ ਲੈਂਦੇ ਹਾਂ।

ਅਨੇਕ ਘਟਨਾਵਾਂ ਵਿੱਚ ਗੁੱਸਾ 20-25 ਪੁਰਾਣੇ ਗੂੜ੍ਹੇ ਰਿਸ਼ਤਿਆਂ ਨੂੰ ਪਲਾਂ ਅੰਦਰ ਖ਼ਤਮ ਕਰ ਦਿੰਦਾ ਹੈ। ਜਦੋਂ ਕਿ ਇਸ ਰਿਸ਼ਤਿਆਂ ਦੀ ਮਜ਼ਬੂਤੀ ਨੂੰ ਤਿਆਰ ਕਰਨ ਲਈ 25-30 ਸਾਲ ਦਾ ਸਮਾਂ ਵੀ ਲੱਗਿਆ ਹੋਵੇ। ਗੁੱਸਾ ਬਚਪਨ ਤੋਂ ਚਲੀ ਆ ਰਹੀ ਦੋਸਤੀ ਨੂੰ ਜੁਆਨੀ ਅੰਦਰ ਆ ਕੇ ਖ਼ਤਮ ਕਰ ਸਕਦਾ ਹੈ। ਇਨ੍ਹਾਂ ਹਾਲਾਤਾਂ ਅੰਦਰ ਜੇਕਰ ਗੁੱਸੇ ਉੱਪਰ ਕਾਬੂ ਪਾ ਲਿਆ ਜਾਵੇ ਤਾਂ ਜ਼ਿੰਦਗੀ ਅੰਦਰ ਦੋਸਤੀ ਦੀ ਮਜਬੂਤੀ ਵੱਧ ਜਾਂਦੀ ਹੈ ਨਹੀਂ ਤਾਂ ਭਵਿੱਖ ਵੀ ਖ਼ਰਾਬ ਹੋ ਜਾਂਦਾ ਹੈ। ਅਸਲੀਅ ਤਾਂ ਇਹ ਹੈ ਕਿ ਗੁੱਸਾ ਤਾਂ ਮਨੁੱਖ ਨੂੰ ਪਾਗਲ ਦੀ ਸਟੇਜ ਉੱਪਰ ਲੈ ਆਉਂਦਾ ਹੈ ਇੱਥੋਂ ਤੱਕ ਕਿ ਕਤਲ ਵੀ ਕਰਵਾ ਦਿੰਦਾ ਹੈ। ਪਰਿਵਾਰ ਅੰਦਰ ਰਿਸ਼ਤੇ ਖ਼ਤਮ ਕਰ ਦਿੰਦਾ ਹੈ।

ਮਨੋ-ਵਿਗਿਆਨਕ ਚਾਰਲਸ ਸਪੀਲਬਰਗਰ ਗੁੱਸੇ ਦੇ ਵਿਸ਼ੇ ਸਬੰਧੀ ਇੱਕ ਅਥਾਰਟੀ ਮੰਨੇ ਜਾਂਦੇ ਹਨ, ਉਨ੍ਹਾਂ ਅਨੁਸਾਰ ਗੁੱਸਾ ਇੱਕ ਭਾਵਨਾਤਕ ਸਥਿਤੀ ਹੁੰਦੀ ਹੈ, ਜਿਸ ਦੀ ਤਰੰਗ ਇੱਕ ਡਿਗਰੀ ਤੋਂ ਸੌ ਡਿਗਰੀ ਤੱਕ ਹੋ ਸਕਦੀ ਹੈ ਅਤੇ ਇਸ ਸਥਿਤੀ ਵਿਚਕਾਰ ਉਸ ਵਿਅਕਤੀ ਨੂੰ ਕੁੱਝ ਵੀ ਹੋ ਸਕਦਾ ਹੈ। ਹਰ ਵਿਅਕਤੀ ਅੰਦਰ ਅਨੇਕ ਭਾਵਨਾਵਾਂ ਹੁੰਦੀਆਂ ਹਨ, ਗੁੱਸਾ ਉਨ੍ਹਾਂ ਵਿੱਚੋਂ ਇੱਕ ਹੁੰਦਾ ਹੈ ਜਿਸ ਦਾ ਅਸਰ ਤਨ ਅਤੇ ਮਨ ਉੱਪਰ ਸਿੱਧਾ ਹੀ ਹੁੰਦਾ ਹੈ। ਜਦੋਂ ਵੀ ਕਿਸੇ ਵਿਅਕਤੀ ਅੰਦਰ ਗੁੱਸਾ ਆਉਂਦਾ ਹੈ ਉਸੇ ਵੇਲੇ ਉਸ ਦੇ ਦਿਲ ਦੀ ਧੜਕਨ ਤੇਜ਼ ਹੋ ਜਾਂਦੀ ਹੈ, ਬਲੱਡ-ਪਰੈਸ਼ਰ ਵੱਧ ਜਾਂਦਾ ਹੈ, ਜਿਸ ਨਾਲ ਸਾਰੀਆਂ ਹੀ ਨਾੜੀਆਂ ਦਾ ਸਿਸਟਮ ਅਲੱਗ-ਥਲੱਗ ਹੋ ਜਾਂਦਾ ਹੈ। ਕੀ ਗੁੱਸਾ 21ਵੀਂ ਸਦੀ ਦੀ ਨਾਸ਼ਕ ਬੀਮਾਰੀ ਬਣ ਚੁੱਕੀ ਹੈ? ਕੁੱਝ ਲੋਕਾਂ ਦਾ ਵਿਚਾਰ ਹੈ ਕਿ ਇਸ ਨਵੇਂ ਯੁੱਗ ਅੰਦਰ ਤੇਜ਼ੀ ਨਾਲ ਤਬਦੀਲੀਆਂ ਆਈਆਂ ਹਨ, ਹਰ ਵਿਅਕਤੀ ਦੀ ਜੀਵਨ ਪੱਦਵੀ ਬਦਲ ਚੁੱਕੀ ਹੈ। ਹਰ ਵਿਅਕਤੀ ਅਹੰਕਾਰ ਨਾਲ ਭਰ ਚੁੱਕਿਆ ਹੈ। ਇਸ ਤੋਂ ਵੀ ਵੱਡਾ ਕਾਰਣ ਕਿ ਹਰ ਵਿਅਕਤੀ ਕੰਮ ਦੇ ਬੋਝ ਅੰਦਰ ਦੱਬਿਆ ਹੋਇਆ ਹੈ।

ਨਵੇਂ ਜ਼ਮਾਨੇ ਅੰਦਰ ਗੁੱਸੇ ਦੀਆਂ ਕਿਸਮਾਂ ਵੀ ਬਦਲ ਚੁੱਕੀਆਂ ਹਨ ਅੱਜ ਤੋਂ 25-30 ਸਾਲ ਪਹਿਲਾਂ ਆਮ ਜਨਤਾ ਅੰਦਰ ਗੁੱਸੇ ਦੀ ਰੁਚੀ ਬਹੁਤ ਹੀ ਘੱਟ ਸੀ ਪਰ ਵਿਅਕਤੀਆਂ ਦਾ ਜੀਵਨ ਪੱਧਰ-ਉੱਚਾ ਹੋ ਜਾਣ ਕਾਰਣ ਗੁੱਸੇ ਦੀ ਪੱਧਰ ਵੀ ਉੱਚੀ ਹੁੰਦੀ ਚਲੀ ਆ ਰਹੀ ਹੈ। ਪਿਛਲੇ ਸਮੇਂ ਵਿੱਚ ਆਮ ਵਿਅਕਤੀਆਂ ਅੰਦਰ ਗੁੱਸੇ ਨੂੰ ਛਪਾਉਣ ਦੀ ਕਲਾ ਹੁੰਦੀ ਸੀ ਪਰ ਨਵੇਂ ਜ਼ਮਾਨੇ ਵਿੱਚ ਗੁੱਸਾ ਇੱਕ ਦਮ ਬਾਹਰ ਆ ਜਾਂਦਾ ਹੈ। ਮੈਡੀਕਲ ਅਨੁਸਾਰ ਉਹ ਲੋਕ ਜੋ ਅਸਹਿਣਸ਼ੀਲਤਾ ਜਾਂ ਬੇ-ਸਬਰੇ ਹੁੰਦੇ ਹਨ। ਉਨ੍ਹਾਂ ਨੂੰ ਬਲੱਡ-ਪ੍ਰੈਸ਼ਰ ਜਾਂ ਦਿਲ ਦੀਆਂ ਬੀਮਾਰੀਆਂ ਘੇਰਦੀਆਂ ਹਨ ਜਾਂ ਉਹ ਦਿਮਾਗ ਦੀਆਂ ਬੀਮਾਰੀਆਂ ਦੇ ਮਰੀਜ਼ ਹੋ ਜਾਂਦੇ ਹਨ। ਜ਼ਿੰਦਗੀ ਵਿੱਚ ਅਸਫ਼ਲ ਜਾਂ ਬੇਇੱਜ਼ਤੀ ਸਹਿਣ ਵਾਲੇ ਵਿਅਕਤੀਆਂ ਦਾ ਗੁੱਸਾ ਜੁਆਲਾ-ਮੁਖੀ ਪਰਬਤ ਵਾਂਗ ਫੁੱਟਦਾ ਹੈ। ਇਨ੍ਹਾਂ ਵਿਅਕਤੀਆਂ ਦੀ ਸਿਹਤ ਅਕਸਰ ਨੁਕਸਾਨ ਅੰਦਰ ਹੀ ਰਹਿੰਦੀ ਹੈ। ਕਿਸੇ ਵੀ ਬੁਰੀ ਘਟਨਾ ਨੂੰ ਬਾਰ -ਬਾਰ ਯਾਦ ਕਰਨ ਨਾਲ ਵੀ ਸਰੀਰਿਕ ਅਤੇ ਮਾਨਸਿਕ ਦਸ਼ਾ ਖ਼ਰਾਬ ਹੋ ਜਾਂਦੀ ਹੈ। ਜਿਸ ਦਾ ਮੁੱਖ ਕਾਰਣ ਵਿਅਕਤੀ ਦਾ ਗੁੱਸਾ ਹੀ ਹੁੰਦਾ ਹੈ, ਜਿਸ ਦਾ ਸਿੱਧਾ ਹੀ ਸਬੰਧ ਦਿਮਾਗ ਦੀਆਂ ਨਾੜੀਆਂ ਨਾਲ ਹੁੰਦਾ ਹੈ।

ਜਿਸ ਵੀ ਦਿਮਾਗ ਵਿੱਚ ਸ਼ਹਿਣਸ਼ੀਲਤਾ ਦੀ ਘਾਟ ਹੁੰਦੀ ਹੈ, ਉਸ ਵਿੱਚ ਗੁੱਸੇ ਦੀ ਰਫ਼ਤਾਰ ਉਨੀ ਹੀ ਤੇਜ਼ ਹੁੰਦੀ ਹੈ ਪਰ ਮੁਆਫ਼ੀ ਦੇਣ ਲਈ ਵੀ ਉਸ ਨੂੰ ਉਨਾਂ ਹੀ ਜਿਆਦਾ ਸਮਾਂ ਲੱਗਦਾ ਹੈ। ਗੁੱਸਾ ਆਉਣ ਤੋਂ ਪਹਿਲਾਂ ਵਿਅਕਤੀ ਦੇ ਦਿਮਾਗ ਅੰਦਰ ਸ਼ੁਰੂ ਵਿੱਚ ਉਦਾਸੀ ਅਤੇ ਗਲਤ ਭਾਵਨਾਵਾਂ ਦੀ ਹੀ ਉਤਪੱਤੀ ਹੁੰਦੀ ਹੈ। ਕਿਸੇ ਵੀ ਘਟਨਾ ਨੂੰ ਜਿਆਦਾ ਜਾਂ ਬਾਰ-ਬਾਰ ਯਾਦ ਕਰਨ ਨਾਲ ਦਿਲ ਦਿਮਾਗ ਉੱਪਰ ਪਹਿਲਾਂ ਅਸਰ ਹੁੰਦਾ ਹੈ ਅਤੇ ਬਾਅਦ ਵਿੱਚ ਇਹੀ ਘਟਨਾ ਅਸਿਸ ਗੁੱਸੇ ਅੰਦਰ ਤਬਦੀਲ ਹੋ ਜਾਂਦੀ ਹੈ ਅਤੇ ਉਸ ਦਾ ਸਿੱਧੇ ਅਸਰ ਦਿਲ ਦੀਆਂ ਨਾੜੀਆਂ ਉੱਪਰ ਆ ਜਾਂਦਾ ਹੈ। ਇਨ੍ਹਾਂ ਸਾਰੀਆਂ ਹੀ ਗੱਲਾਂ ਦਾ ਇਹ ਅਸਰ ਹੁੰਦਾ ਹੈ ਕਿ ਅਸੀਂ ਉਸ ਵਿਅਕਤੀ ਨੂੰ ਦੇਖਣਾ ਹੀ ਨਹੀਂ ਚਾਹੁੰਦੇ ਜਿਸ ਨੇ ਕਿਸੇ ਵੀ ਵਿਅਕਤੀ ਦਾ ਦਿਲ ਦੁਖਾਇਆ ਹੋਵੇ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਗੁੱਸੇ ਵਿੱਚ ਰਹਿਣ ਵਾਲੇ ਵਿਅਕਤੀਆਂ ਦਾ ਮੁਕਾਬਲਾ ਕਿਸ ਢੰਗ ਨਾਲ ਕੀਤਾ ਜਾਵੇ। ਬਦਲੇ ਦੀ ਭਾਵਨਾਵਾਂ ਦਾ ਤਿਆਗ ਕਰਨਾ ਗੁੱਸਾ ਖ਼ਤਮ ਜਾਂ ਘੱਟ ਕਰਨਾ ਹੀ ਲਾਭਕਾਰੀ ਹੁੰਦਾ ਹੈ। ਕੇਵਲ ਚਾਰ ਸ਼ਬਦ "ਮੈਂ ਆਪ ਨੂੰ ਮੁਆਫ਼ ਕਰਦਾ ਹਾਂ" ਕਹਿਣ ਨਾਲ ਹੀ ਗੁੱਸੇ ਦੀ ਧਾਰ ਕੰਮਜ਼ੋਰ ਪੈ ਜਾਂਦੀ ਹੈ। ਮੁਆਫ਼ ਕਰਨਾ, ਕਿਸੇ ਵੀ ਵਿਅਕਤੀ ਦਾ ਸਭ ਤੋਂ ਵੱਡਾ ਹਥਿਆਰ ਸਾਬਿਤ ਹੁੰਦਾ ਹੈ। ਮੁਆਫ਼ ਕਰਨ ਦਾ ਅਰਥ ਕਦੀ ਵੀ ਹਾਰ ਨਹੀਂ ਸਮਝਣਾ ਚਾਹੀਦਾ। ਮੁਆਫ਼ੀ ਦਾ ਅਰਥ ਹੈ ਕਿਸੀ ਵੀ ਘਟਨਾ ਨੂੰ ਭੁੱਲ ਜਾਣਾ ਹੁੰਦਾ ਹੈ। ਜਦੋਂ ਅਸੀਂ ਕਿਸੇ ਵੀ ਵਿਅਕਤੀ ਨੂੰ ਮੁਆਫ਼ ਕਰਦੇ ਹਾਂ ਤਾਂ ਉਸ ਦਾ ਅਰਥ ਹੈ ਕਿ ਅਸੀਂ ਉਸ ਦੀ ਸਜ਼ਾ ਨੂੰ ਖ਼ਤਮ ਕਰ ਦਿੱਤਾ। ਮੁਆਫ਼ੀ ਵਿਅਕਤੀ ਨੂੰ ਭਾਵਨਾ ਬੰਧਨ ਤੋਂ ਬਹੁਤ ਹੀ ਦੂਰ ਲੈ ਕੇ ਮੁਕਤ ਕਰ ਦਿੰਦੀ ਹੈ। ਮੁਆਫ਼ੀ ਦਾ ਅਸਲੀ ਅਰਥ ਹੈ ਜਿੱਤ। ਵਿਅਕਤੀ ਅੰਦਰ ਨਵੀਂ ਜਾਗਰਿਤੀ ਅਤੇ ਰਚਨਾਤਮਕ ਭਾਵਨਾਵਾਂ ਦੀ ਸਿਰਜਨਾ ਹੁੰਦੀ ਹੈ।

ਜਦੋਂ ਵੀ ਕਿਸੇ ਵਿਅਕਤੀ ਨੂੰ ਜ਼ਿਆਦਾ ਗੁੱਸਾ ਉਦਾਸੀ, ਪਰੇਸ਼ਾਨੀ ਜਾਂ ਅਸਹਿਣਸ਼ੀਲਤਾ ਆਉਣੀ ਸ਼ੁਰੂ ਹੋ ਜਾਵੇ ਤਾਂ ਉਸ ਨੂੰ ਆਪਣੇ ਵਿਸ਼ਵਾਸ ਪਾਤਰ ਦੋਸਤਾਂ ਦਾ ਜ਼ਿਆਦਾ ਸਹਾਰਾ ਲੈਣਾ ਚਾਹੀਦਾ ਹੈ, ਮਨੋ-ਵਿਗਿਆਨਕ ਡਾਕਟਰ ਨੂੰ ਮਿਲਣਾ ਚਾਹੀਦਾ ਹੈ ਜਾਂ ਦੂਸਰਿਆਂ ਦੇ ਤਜ਼ਰਬਿਆਂ ਤੋਂ ਸੇਧ ਲੈਣੀ ਚਾਹੀਦੀ ਹੈ। ਜੇਕਰ ਅਸੀਂ ਇਸ ਢੰਗ ਨਾਲ ਆਪਣੇ ਗੁੱਸੇ ਉੱਪਰ ਕਾਬੂ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਜ਼ਿੰਦਗੀ ਅੰਦਰ ਬਹੁਤ ਵੱਡੀਆਂ ਮੁਸੀਬਤਾਂ ਤੋਂ ਬਚ ਸਕਾਂਗੇ। ਜਿਸ ਲਈ ਵਿਅਕਤੀ ਨੂੰ ਬਾਅਦ ਵਿੱਚ ਪਛਤਾਉਣਾ ਪੈਂਦਾ ਹੈ। ਪਛਤਾਵੇ ਦੀ ਹਾਲਤ ਉਹ ਹੁੰਦੀ ਹੈ ਜਿਵੇਂ ਕਿ ਕੋਈ ਵਿਅਕਤੀ ਗੁੱਸੇ ਵਿੱਚ ਸਰਾਹਣੇ ਨੂੰ ਮੁੱਕੀਆਂ ਮਾਰਦਾ ਜਾਵੇ। ਜ਼ਿੰਦਗੀ ਅੰਦਰ ਪੜ੍ਹਨ ਦੀ ਆਦਤ ਬਣਾਉਣ ਨਾਲ ਵਿਅਕਤੀ ਨੂੰ ਗੁੱਸੇ ਅੰਦਰ ਬਹੁਤ ਕਮੀ ਆ ਜਾਂਦੀ ਹੈ। ਸੰਸਾਰ ਅੰਦਰ ਅੱਜ- ਤੱਕ ਨਾ ਹੀ ਕਿਸੇ ਹੜ੍ਹ ਨੇ ਜਾਂ ਅਕਾਸ਼ੀ ਬਿਜਲੀ ਨੇ ਨੁਕਸਾਨ ਕੀਤਾ, ਜਦੋਂ ਕਿ ਉਸ ਤੋਂ ਹਜ਼ਾਰਾਂ ਗੁਣਾ ਨੁਕਸਾਨ ਬੇ-ਸਬਰੀ, ਅਸ਼ਹਿਣਸ਼ੀਲਤਾ ਅਤੇ ਗੁੱਸੇ ਨੇ ਕੀਤਾ ਹੈ।

'ਸੰਭਲੋ ਪੰਜਾਬ' ਪਾਠਕਾਂ ਦੇ ਸਨਮੁੱਖ

ਸਫ਼ਾ I ਦੀ ਬਾਕੀ

** ਨਸ਼ਿਆਂ ਦਾ ਸੇਵਨ ਭਾਵੇਂ ਪੁਰਾਣਾ ਹੈ, ਪਰ ਪ੍ਰਾਂਤ ਵਿੱਚ ਪਿਛਲੇ ਤਿੰਨ ਦਹਾਕਿਆਂ ਤੋਂ ਹਾਲਾਤ ਨਸ਼ਿਆਂ ਦੇ ਸੇਵਨ ਤੇ ਵਿਕਰੀ ਲਈ ਲਗਾਤਾਰ ਬਹੁਤ ਢੁੱਕਵੇਂ ਬਣਦੇ ਆ ਰਹੇ ਹਨ। ਗਹਿ-ਗੱਚ ਪੱਧਰ ਦੀਆਂ ਭ੍ਰਿਸ਼ਟਾਚਾਰ ਪ੍ਰਸਥਿਤੀਆਂ ਨੇ ਨੌਜਵਾਨ ਵਰਗ ਦਾ ਕਿਰਤ 'ਚ ਮਨ ਉਖੇੜ ਦਿੱਤਾ ਹੈ। ਉਖੜਿਆ ਮਨ ਜਦ ਬੇਰੁਜ਼ਗਾਰੀ ਦੇ ਵੇਲਣੇ ਵਿੱਚੋਂ ਨਪੀੜ ਕੇ ਲੰਘਿਆ ਤਾਂ ਆਪ ਮੁਹਾਰੇ ਹੀ ਨਸ਼ਿਆਂ ਵੱਲ ਖਿੱਚਿਆ ਗਿਆ। ਬੇਰੁਜ਼ਗਾਰੀ ਕਾਰਨ ਕਈ ਲੋਕਾਂ ਨੇ ਨਸ਼ਿਆਂ ਦੀ ਵਿਕਰੀ ਨੂੰ ਇੱਕ ਧੰਦੇ ਵਜੋਂ ਅਪਣਾ ਲਿਆ। ਪੀੜ੍ਹੀ-ਦਰ -ਪੀੜ੍ਹੀ ਉਹ ਇਹੋ ਕੰਮ ਕਰਦੇ ਆ ਰਹੇ ਹਨ। ਖੱਬੇ ਪਾਸੇ ਨਸ਼ੇ ਅਤੇ ਨਸ਼ਿਆਂ ਨੂੰ ਵੇਚਣ ਵਾਲੇ ਮੌਜੂਦ ਹਨ, ਸੱਜੇ ਪਾਸੇ ਨਸ਼ਿਆਂ ਦੇ ਖਪਤਕਾਰਾਂ ਦੀ ਬਹੁਤ ਵੱਡੀ ਭੀੜ ਹੈ। ਕਾਨੂੰਨ ਤੇ ਪੁਲਿਸ ਵਿਚਕਾਰ ਹਨ, ਉਨ੍ਹਾਂ ਨੇ ਖੱਬੇ ਤੇ ਸੱਜੇ ਜੋ ਗਰਦਨ ਘੁਮਾ ਕੇ ਜੋ ਵੇਖਿਆ, ਉਸ ਦਾ ਕੁੱਝ ਹਿੱਸਾ ਇਸ ਲਿਖਤ ਵਿੱਚ ਵਰਨਣ ਹੈ।*

ਅੱਜ ਦਾ ਪੰਜਾਬ, ਇੱਕ ਧੁੱਪੇ ਪਈ ਬਰਫ਼ ਦੀ ਸਿੱਲ੍ਹੀ ਵਰਗਾ ਹੈ। ਜਿੱਥੇ ਆਪਣੇ ਇਤਿਹਾਸ ਨੂੰ ਭੁੱਲ ਕੇ ਬਹੁਤੇ ਪੰਜਾਬੀਆਂ ਨੇ ਅੱਜ ਪੈਸੇ ਨੂੰ ਹੀ ਆਪਣਾ ਮੁੱਖ ਉਦੇਸ਼ ਮੰਨ ਲਿਆ ਹੈ। ਜਦੋਂ ਤੋਂ ਮਨੁੱਖ ਸਭਿਅਕ ਹੋਇਆ, ਕੰਮ ਕਰਕੇ ਕਮਾ ਕੇ ਖਾਣ ਨੂੰ ਹੀ ਕਿਰਤ ਆਖਿਆ ਗਿਆ ਸੀ। ਧਰਮ, ਇਸ ਕਮਾਈ ਵਿੱਚੋਂ ਦਸਵੰਧ ਕੱਢਣ ਦਾ ਆਦੇਸ਼ ਵੀ ਦਿੰਦਾ ਹੈ। ਇੱਥੇ ਹੀ ਬੱਸ ਨਹੀਂ, ਰੋਟੀ ਕਮਾ ਤੇ ਖਾ ਲੈਣੀ ਹੀ ਇਸ ਜ਼ਿੰਦਗੀ ਦਾ ਉਦੇਸ਼ ਨਹੀਂ ਹੈ? ਕੁਦਰਤ ਦੇ ਇਸ ਸੁੰਦਰ ਬਗੀਚੇ ਲਈ ਅਸੀਂ ਕੀ ਕੀਤਾ ਹੈ? ਕੀ ਸਾਡਾ ਕਮਾਉਣਾ ਸਹਿਜ ਸੀ ਜੋ ਸਾਨੂੰ ਅਧਿਆਤਮਕ ਸਫ਼ਰ ਵੱਲ ਪ੍ਰੇਰਦਾ ਰਿਹਾ। ਸਾਡੀ ਕਮਾਈ ਨਾਲ ਕਿਸੇ ਕਿਰਤੀ ਦਾ ਸ਼ੋਸ਼ਣ ਤਾਂ ਨਹੀਂ ਹੋਇਆ? ਧਰਤੀ ਦੇ ਇਸ ਟੁਕੜੇ ਤੋਂ ਭਾਈ ਲਾਲੋ ਦੇ ਵਾਰਿਸ ਅਲੋਪ ਕਿਉਂ ਹੋ ਗਏ ਹਨ? ਅੱਜ ਬਹੁਤੇ ਲੋਕ ਵਾਤਾਵਰਨ ਅਨੁਕੂਲ ਕਮਰਿਆਂ ਵਿੱਚ ਬੈਠ ਕੇ ਕਮਾਈ ਕਰਦੇ ਹਨ। ਇਹ ਕਮਾਈ ਕੋਈ ਹੱਥੀਂ ਕੀਤਾ ਕੰਮ ਨਹੀਂ ਬਲਕਿ ਮਾਰਕੀਟ ਦੇ ਸੁਭਾਅ ਅਤੇ ਪ੍ਰਸਤਿਤੀਆਂ ਨੂੰ ਤੋਲ ਕੇ ਆਮ ਵਿਅਕਤੀਆਂ ਨੂੰ ਵਰਗਲਾ ਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇਹ ਬੇਜ਼ੁਬਾਨ ਜਾਨਵਰਾਂ ਨੂੰ ਕੁੜਿੱਕੀ ਲਾ ਕੇ ਫੜਨ ਵਾਂਗ ਹੈ। ਇੱਥੋਂ ਹੀ ਹਰ ਵਿਅਕਤੀ ਭ੍ਰਿਸ਼ਟ ਹੋਣ ਲਈ ਮਜਬੂਰ ਹੁੰਦਾ ਹੈ। ਇਹ ਲੋਕ ਪੰਜ ਸੌ ਅਤੇ ਹਜ਼ਾਰ ਰੁਪਏ ਦੇ ਨੋਟਾਂ ਨੂੰ ਫਸਲਾਂ ਵਾਂਗ ਵੱਢਦੇ ਹਨ। ਸਮਾਜ ਦੇ ਇਹੋ ਜਿਹੇ ਹਾਲਾਤ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਨਸ਼ਿਆਂ ਦਾ ਅਧਾਰ ਬਣਦੇ ਹਨ।

ਭ੍ਰਿਸ਼ਟਾਚਾਰ ਦੇ ਕਈ ਰੂਪ ਹਨ। ਮੈਂ ਮੰਨਦਾ ਹਾਂ ਕਿ ਇਸ ਵਿਸ਼ੇ 'ਤੇ ਲਿਖਿਆ ਇਹ ਕਾਂਡ ਅਧੂਰਾ ਹੈ। ਲੇਕਿੰਨ ਕਾਲੇ ਧਨ ਦੀ ਜਿਸ ਵੰਨਗੀ ਦਾ ਜੋ ਪ੍ਰਵਾਹ ਮੈਂ ਅੱਖਾਂ ਸਾਹਮਣੇ ਵੇਖਿਆ, ਇਸ ਕਾਂਡ ਵਿੱਚ ਸਿਰਫ਼ ਉਸੇ ਬਾਰੇ ਹੀ ਵਰਨਣ ਕੀਤਾ ਜਾ ਸਕਿਆ ਹੈ। ਸਰਕਾਰੀ ਅਧਿਕਾਰੀ ਹੋਣ ਦੇ ਨਾਤੇ ਮੇਰੀਆਂ ਕੁੱਝ ਸੀਮਾਵਾਂ, ਇਸ ਤੋਂ ਅਗੇ ਵੱਧਣ ਦੀ ਪ੍ਰਵਾਨਗੀ ਨਹੀਂ ਦੇਂਦੀਆਂ।

ਇਸ ਵਿਸ਼ੇ ਬਾਰੇ ਲਿਖਦਿਆਂ ਮੈਂ ਡਾਢੀ ਔਕੜ ਮਹਿਸੂਸ ਕੀਤੀ ਹੈ। ਘਟਨਾਵਾਂ ਦਾ ਵਰਨਣ ਕਰਦਿਆਂ ਮੈਂ ਸਬੰਧਿਤ ਵਿਅਕਤੀਆਂ ਨੂੰ ਛੁਪਾਉਣ ਦਾ ਯਤਨ ਕੀਤਾ ਹੈ। ਕਿਸੇ ਨੂੰ ਭ੍ਰਿਸ਼ਟ ਕਹਿਣਾ ਨਾ ਤਾਂ ਮੇਰਾ ਅਧਿਕਾਰ ਅਤੇ ਨਾ ਹੀ ਉਦੇਸ਼ ਹੈ। ਮੈਂ ਆਪ ਵੀ ਈਮਾਨਦਾਰ ਨਹੀਂ ਹਾਂ, ਪਰ ਆਪਣੇ ਲੋਕਾਂ ਦੀ ਅਤਿਅੰਤ ਤਰਸਯੋਗ ਹਾਲਤ ਵੇਖ ਕੇ ਈਮਾਨਦਾਰ ਹੋ ਜਾਣਾ ਚਾਹੁੰਦਾ ਹਾਂ। ਇਸ ਕਿਤਾਬ ਦਾ ਉਦੇਸ਼ ਕਿਸੇ ਦੇ ਦੋਸ਼ ਲੱਭਣਾ ਨਹੀਂ ਹੈ। ਪਰ ਅੰਤ ਵਿੱਚ ਜੇ ਕਿਸੇ ਤਰ੍ਹਾਂ ਦੋਸ਼ੀਆਂ ਦਾ ਨਿਸ਼ਾਨਦੇਹੀ ਹੁੰਦੀ ਵੀ ਹੈ ਤਾਂ ਉਸ ਵਿੱਚ ਪਹਿਲਾ ਵਿਅਕਤੀ ਮੈਂ ਆਪ ਹਵਾਂਗਾ। ਪੰਜਾਬ ਸਿਵਲ ਸਰਵਿਸਜ਼ ਰੂਲਜ਼, ਤੁਸੀਂ ਇਸ ਲਿਖਤ ਨੂੰ ਰਕੋਦਿਆਂ ਮੇਰੀਆਂ ਭਾਵਨਾਵਾਂ ਨੂੰ ਜ਼ਰੂਰ ਸਾਹਮਣੇ ਰੱਖਣਾ। ਇੰਗਲੈਂਡ ਦੀ ਪਾਰਲੀਮੈਂਟ ਦੀ ਮੁੱਖ ਇਮਾਰਤ 'ਤੇ ਲਿਖੇ ਇਨ੍ਹਾਂ ਸ਼ਬਦਾਂ ਨੇ ਮੈਨੂੰ ਉਤਸ਼ਾਹਿਤ ਕੀਤਾ ਹੈ,"ਐ ਬੋਲਣ ਵਾਲੇ ਮਨੁੱਖ ਸੰਭਵ ਹੈਸ ਮੈਂ ਤੇਰੇ ਬੋਲਾਂ ਨਾਲ ਸਹਿਮਤ ਨਾ ਹੋਵਾਂ। ਪਰ ਜੇ ਕੋਈ ਤੈਨੂੰ ਬੋਲਣ ਤੋਂ ਰੋਕੇਗਾ, ਉਸ ਲਈ ਮੈਂ ਆਪਣੀ ਜਾਨ ਵੀ ਨਿਛਾਵਰ ਕਰ ਦੇਵਾਂਗਾ।''

ਪ੍ਰਗਟ ਸਿੰਘ ਸਿੱਧੂ ਤੇ ਗੁਰਭਜਨ ਗਿੱਲ ਨੇ ਇਸ ਲਿਖਤ ਨੂੰ ਪੜ੍ਹਿਆ ਤੇ ਸੋਧ ਕਰਨ 'ਚ ਮੇਰੀ ਮੱਦਦ ਕੀਤੀ। ਮੇਰੇ ਅਫ਼ਸਰ ਸ੍ਰੀ ਈਸ਼ਵਰ ਸਿੰਘ ਤੇ ਆਰ.ਕੇ. ਜਾਇਸਵਾਲ ਨਸ਼ਿਆਂ ਵਾਲੇ ਚੈਪਟਰ ਸਬੰਧੀ ਮੈਨੂੰ ਨਿਰੰਤਰ ਸੇਧ ਦਿੰਦੇ ਰਹੇ। ਡਾਕਟਰ ਐਸ.ਐਸ.ਗਿੱਲ ਤੇ ਰਜਿੰਦਰ ਸਿੰਘ ਸਿੱਧੂ ਕ੍ਰਮਵਾਰ ਮੁੱਖੀ ਅਰਥ ਸ਼ਾਸਤਰ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਮੈਂ ਭ੍ਰਿਸ਼ਟਾਚਾਰ ਸਬੰਧੀ ਲਿਖਦਿਆਂ ਕਈ ਨੁਕਤਿਆਂ ਤੇ ਮਾਹਿਰ ਰਾਏ ਹਾਸਲ ਕਰਦਾ ਰਿਹਾ ਹਾਂ। ਅਮਰਜੋਤ ਸਿੰਘ ਸਿੱਧੂ ਜੁਆਇੰਟ ਡਾਇਰੈਕਟਰ ਪ੍ਰਾਸ਼ੀਕਿਊਸ਼ਨ ਨੇ ਇਸ ਲਿਖਤ ਨੂੰ ਕਾਨੂੰਨੀ ਨੁਕਤਿਆਂ ਤੋਂ ਵਾਚਿਆ ਤੇ ਮੇਰੇ ਕਈ ਸ਼ਾਂਕੇ ਦੂਰ ਕੀਤੇ।ਮੇਰੀ ਪਤਨੀ ਰੁਪਿੰਦਰ ਕੌਰ ਤੇ ਬੇਟੇ ਦੀਪਕਰਨ ਮੇਰੀ ਮੱਦਦ ਤੇ ਹੌਸਲਾ ਅਫਜਾਈ ਕਰਦੇ ਰਹੇ ਹਨ। ਮਦਨ ਲਾਲ ਦਰਦੀ ਨੇ ਇਸ ਲਿਖਤ ਦੀ ਕੰਪਿਊਟਰ ਟਾਈਪਿੰਗ ਕੀਤੀ ਹੈ। ਇਨ੍ਹਾਂ ਸਾਰਿਆਂ ਦਾ ਮੈਂ ਅਤਿਅੰਤ ਰਿਣੀ ਹਾਂ, ਇਨ੍ਹਾਂ ਦੀ ਮੱਦਦ ਤੋਂ ਬਿਨਾਂ ਇਹ ਲਿਖਤ ਸੰਭਵ ਨਹੀਂ ਸੀ।

ਨਸ਼ਿਆਂ ਦੇ ਮਾਰੂ ਪ੍ਰਭਾਵ ਬਾਰੇ ਲਿਖਣਾ ਮੇਰੀ ਰੂਹ ਦੀ ਜ਼ਰੂਰਤ ਬਣ ਗਿਆ ਸੀ। ਰਸਤੇ ਵਿੱਚ ਭ੍ਰਿਸ਼ਾਚਾਰ ਤੇ ਬੇਰੁਜ਼ਗਾਰੀ ਦੇ ਦੋ ਪੜਾਅ ਵੀ ਆਏ। ਇਹਨਾਂ ਤੋਂ ਪਾਸੇ ਦਾ ਹੋ ਕੇ ਜਦ ਮੈਂ ਲੰਘਿਆਂ ਤਾਂ ਮੈਂ ਮੰਜ਼ਿਲ ਧੁੰਦਲੀ ਦਿੱਸਣ ਲੱਗੀ। ਮੈਂ ਫਿਰ ਪਿੱਛੇ ਮੁੜਿਆ ਤੇ ਹਰ ਸੰਭਵ ਕੋਸ਼ਿਸ਼ ਕੀਤੀ ਕਿ ਅਜਿਹਾ ਕੋਈ ਸ਼ਬਦ ਨਾ ਲਿਖਿਆ ਜਾਵੇ, ਜੋ ਕਿਸੇ ਦਾ ਦਿਲ ਦੁਖਾਵੇ। ਜੇ ਫਿਰ ਵੀ ਐਸਾ ਹੋਇਆ ਤਾਂ ਸੰਭਵ ਹੈ ਇਹ ਸਾਡੀ ਰੂਹ ਦਾ ਦਰਦ ਹੋਵੇ। ਜਿਸ ਨੂੰ ਦੂਰ ਕਰਨ ਲਈ ਸਾਨੂੰ ਗੰਭੀਰ ਯਤਨ ਕਰਨੇ ਚਾਹੀਦੇ ਹਨ।